ਐਮ.ਏ.(ਅਰਥ-ਸ਼ਾਸਤਰ) ਭਾਗ ਪਹਿਲਾ
(ਸਮੈਸਟਰ ਪਹਿਲਾ)

ਪਰਚਾ ਪੰਜਵਾਂ (ਆਪਸ਼ਨ ਪਹਿਲੀ)
ਖੇਤੀਬਾੜੀ ਦਾ ਅਰਥ-ਸ਼ਾਸਤਰ

ਸੈਕਸ਼ਨ : ਬੀ

ਪਾਠ ਨੰਬਰ :


2.1 : ਕ੍ਰਿਸਾਨੀ ਦੀਆਂ ਪ੍ਰਣਾਲੀਆਂ

2.2 : ਉਤਪਾਦਨ ਫਲਨ: ਖੇਤੀ ਉਤਪਾਦਨ ਵਿੱਚ ਆਦਾਨ ਉਤਪਾਦਨ, ਆਦਾਨ-ਆਦਾਨ, ਅਤੇ ਉਤਪਾਦ-ਉਤਪਾਦ ਸੰਬੰਧ

2.3 : ਖੇਤੀ ਵਿੱਚ ਜ਼ੋਖਮ ਅਤੇ ਅਨਿਸ਼ਚਿਤਤਾ

2.4 : ਖੇਤੀ ਵਿੱਚ ਅਸਥਿਰਤਾ



ਡਿਸਟੈਂਸ ਐਜੂਕੇਸ਼ਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ


(ਸਭ ਹੱਕ ਰਾਖਵੇਂ ਹਨ)

ਪਾਠ ਨੰ. 2.1 ਲੇਖਕ : ਡਾ. ਹਰਵਿੰਦਰ ਕੌਰ

# ਕ੍ਰਿਸਾਨੀ ਦੀਆਂ ਪ੍ਰਣਾਲੀਆਂ (Systems of Farming)

ਕਿਸੇ ਵੀ ਇਕਾਈ ਦੀ ਉਤਪਾਦਕੀ ਕਿਰਿਆ ਵਿੱਚ ਤਿੰਨ ਗੱਲਾਂ ਅਹਿਮ ਹਨ :-

- ਪਹਿਲੀ ਇਹ ਕਿ ਉਸ ਉਤਪਾਦਕੀ ਇਕਾਈ ਦੀ ਮਾਲਕੀ ਕਿਸਦੇ ਕੋਲ ਹੈ,
- ਦੂਜੀ ਇਹ ਕਿ ਉਸ ਦਾ ਨਿਯੰਤਰਣ ਕੌਣ ਕਰਦਾ ਹੈ ਅਤੇ
- ਤੀਜੀ ਇਹ ਕਿ ਉਸ ਦੇ ਕਾਰਜ ਕੌਣ ਕਰਦਾ ਹੈ। ਅਜਿਹਾ ਵੀ ਹੋ ਸਕਦਾ ਹੈ ਕਿ ਇੱਕ ਹੀ ਵਿਅਕਤੀ ਤਿੰਨੇ ਰੋਲ ਨਿਭਾ ਰਿਹਾ ਹੋਵੇ ਅਤੇ ਇਸ ਤਰ੍ਹਾਂ ਵੀ ਹੋ ਸਕਦਾ ਹੈ ਕਿ ਅਲਗ-ਅਲਗ ਵਿਅਕਤੀ ਇਹ ਰੋਲ ਨਿਭਾ ਰਹੇ ਹੋਣ। ਇਹਨਾਂ ਵਿੱਚ ਭਿੰਨਤਾ ਕਾਰਣ ਹੀ ਇਕਹਿਰੀ ਮਲਕੀਅਤ, ਭਾਈਵਾਲੀ ਅਤੇ ਜੁਆਇੰਟ ਸਟਾਕ ਕੰਪਨੀਆਂ ਜਾਂ ਨਿਜੀ ਅਦਾਰਿਆਂ ਅਤੇ ਸਰਕਾਰੀ ਅਦਾਰਿਆਂ ਵਿੱਚ ਭਿੰਨਤਾ ਦਿਖਾਈ ਦਿੰਦੀ ਹੈ।

ਕ੍ਰਿਸਾਨੀ ਵਿੱਚ ਵੀ ਇਹਨਾਂ ਤੱਤਾਂ ਨਾਲ ਸੰਬੰਧਿਤ ਮਾਮਲਿਆਂ ਵਿੱਚ ਵਿਸ਼ਵ ਦੇ ਅਲਗ-ਅਲਗ ਭਾਗਾਂ ਵਿੱਚ ਅਲਗ ਤਰ੍ਹਾਂ ਦੀ ਵਿਵਸਥਾ ਪਾਈ ਜਾਂਦੀ ਹੈ। ਕਿਸਾਨੀ/ਖੇਤੀਬਾੜੀ ਅਰਥ ਵਿਵਸਥਾ ਵਿੱਚ ਮੁੱਖ ਤੌਰ ਤੇ ਖੇਤੀਬਾੜੀ ਦੀਆਂ ਨਿਮਨ ਪ੍ਰਣਾਲੀਆਂ ਪਾਈਆਂ ਜਾਂਦੀਆਂ ਹਨ :-

1. ਪੂੰਜੀਵਾਦੀ ਖੇਤੀ ਪ੍ਰਣਾਲੀ (Capitalist Farming)
2. ਸਰਕਾਰੀ ਖੇਤੀ ਪ੍ਰਣਾਲੀ (State Farming)
3. ਸਮੂਹਿਕ ਖੇਤੀ ਪ੍ਰਣਾਲੀ (Collective Farming)
4. ਕਿਰਸਾਨੀ ਖੇਤੀ ਪ੍ਰਣਾਲੀ (Peasant Farming)
5. ਸਹਿਕਾਰਤਾ ਖੇਤੀ ਪ੍ਰਣਾਲੀ (Co-operative Farming)

## 1. ਪੂੰਜੀਵਾਦੀ ਖੇਤੀ ਪ੍ਰਣਾਲੀ (Capitalist Farming)

ਪੂੰਜੀਵਾਦੀ ਖੇਤੀ ਅਧੀਨ ਨਿਜੀ ਪੂੰਜੀਪਤੀਆਂ ਕੋਲ ਭੂਮੀ ਦੇ ਵੱਡੇ-ਵੱਡੇ ਖੇਤਰ ਹੁੰਦੇ ਹਨ ਅਤੇ ਇਸ ਦਾ ਪ੍ਰਬੰਧ ਆਧੁਨਿਕ ਉੱਦਮਾਂ ਦੀ ਤਰ੍ਹਾਂ ਕੀਤਾ ਜਾਂਦਾ ਹੈ। ਇਸ ਵਿੱਚ ਪੂੰਜੀ ਇੱਕ, ਕੁੱਝ ਜਾਂ ਬਹੁਤ ਸਾਰੇ ਵਿਅਕਤੀਆਂ ਵਲੋਂ ਦਿੱਤੀ ਜਾਂਦੀ ਹੈ। ਇਸਨੂੰ ਕਈ ਵਾਰੀ ਐਸਟੇਟ ਫਾਰਮਿੰਗ ਜਾਂ ਕਾਰਪੋਰੇਟਰ ਫਾਰਮਿੰਗ ਵੀ ਕਿਹਾ ਜਾਂਦਾ ਹੈ। ਇਸ ਦੇ ਵਿੱਚ ਕੰਮ ਜੁਆਇੰਟ ਸਟਾਕ ਕੰਪਨੀ ਦੀ ਤਰ੍ਹਾਂ ਹੁੰਦਾ ਹੈ। ਸੰਗਠਨ ਦੀ ਇਕਾਈ ਵੱਡੀ ਹੁੰਦੀ ਹੈ, ਕਿਰਾਏ ਦੀ ਕਿਰਤ ਰਾਹੀਂ ਕੰਮ ਕੀਤਾ ਜਾਂਦਾ ਹੈ, ਖੇਤੀਬਾੜੀ ਦੇ ਸੁਧਰੇ ਢੰਗਾਂ ਦੀ ਵਰਤੋਂ ਕੀਤੀ ਜਾਂਦੀ ਹੈ ਭਾਵ ਵੱਡੀ ਮਾਤਰਾ ਵਿੱਚ ਮਸ਼ੀਨੀਕਰਣ ਕੀਤਾ ਜਾਂਦਾ ਹੈ। ਇਹਨਾਂ ਖੇਤਾਂ ਵਿੱਚ ਕੰਮ ਕਰਨ ਵਾਲੇ ਕਿਰਾਏ ਦੇ ਮਜ਼ਦੂਰਾਂ ਦਾ ਰੁਤਬਾ ਸਿਰਫ਼ ਉਦਯੋਗਿਕ ਕਿਰਤੀਆਂ ਵਾਲਾ ਹੀ ਹੁੰਦਾ ਹੈ ਅਤੇ ਉਹ ਪੂੰਜੀਵਾਦੀ ਸੋਸ਼ਣ ਦਾ ਸ਼ਿਕਾਰ ਹੁੰਦੇ ਹਨ। ਕੇਵਲ ਬੀਜਾਂ ਅਤੇ ਪਸ਼ੂਆਂ ਦਾ ਚਾਰਾ ਛੱਡ ਕੇ ਬਾਕੀ ਦੀ ਲਗਭਗ ਸਾਰੀ ਫ਼ਸਲ ਮੰਡੀ ਵਿੱਚ ਵੇਚਣ ਲਈ ਭੇਜ ਦਿੱਤੀ ਜਾਂਦੀ ਹੈ। ਇਸ ਕਿਸਮ ਦੀ ਖੇਤੀ ਯੂ.ਐਸ.ਏ. ਆਸਟ੍ਰੇਲੀਆ, ਇੰਗਲੈਂਡ, ਪੱਛਮੀ ਯੂਰਪ ਅਤੇ ਭਾਰਤ ਦੇ ਕੁੱਝ ਹਿੱਸਿਆਂ ਵਿੱਚ ਵੀ ਪਾਈ ਜਾਂਦੀ ਹੈ। ਭਾਰਤ ਵਿੱਚ ਇਸ ਤਰ੍ਹਾਂ ਦੀ ਖੇਤੀ ਵਿਵਸਥਾ ਬੰਬਈ, ਮਦਰਾਸ ਅਤੇ ਮੈਸੂਰ ਆਦਿ ਰਾਜਾਂ ਵਿੱਚ ਕਾਫੀ, ਚਾਹ, ਰਬੜ ਅਤੇ ਗੰਨੇ ਦੀ ਉਪਜ ਵਿੱਚ ਪਾਈ ਜਾਂਦੀ ਹੈ। ਇਸ ਵਿੱਚ ਵੱਡੇ ਪੈਮਾਨੇ ਦੀ ਪੈਦਾਵਾਰ ਦੇ ਲਗਭਗ ਸਾਰੇ ਲਾਭ ਪਾਏ ਜਾਂਦੇ ਹਨ। ਇਸ ਤੋਂ ਤਕਨੀਕੀ ਵਪਾਕਰ ਅਤੇ ਵਿੱਤੀ ਹਰ ਤਰ੍ਹਾਂ ਦੀਆਂ ਬੱਚਤਾਂ ਹੋ ਸਕਦੀਆਂ ਹਨ। ਇਸ ਕਿਸਮ ਦੀ ਖੇਤੀ ਕੁਸ਼ਲ ਪੈਦਾਵਾਰ ਅਤੇ ਵੱਡੇ ਵਾਫਰ ਦੀ ਲੋੜ ਪੂਰਾ ਕਰਦੀ ਹੈ ਅਤੇ ਹੋਰ ਵਿਸਤਾਰ ਲਈ ਰਾਹ ਪੱਧਰਾ ਕਰਦੀ ਹੈ। ਭਾਵ ਫਾਰਮ ਨਾਲ ਸੰਬੰਧਿਤ ਹਰ ਕ੍ਰਿਆ ਉਤੇ ਖੋਜ ਕ੍ਰਿਆ ਦੀ ਵਰਤੋਂ ਕੀਤੀ ਜਾ ਸਕਦੀ ਹੈ। ਪਰ ਇਸ ਨੂੰ ਪ੍ਰਤੀ ਏਕੜ ਘੱਟ ਪੈਦਾਵਾਰ ਦੇ ਦੋਸ਼ ਅਤੇ ਮਸ਼ੀਨੀਕਰਨ ਦੀਆਂ ਬੁਰਾਈਆਂ ਜ਼ਰੂਰ ਸਹਿਣ ਕਰਨੀਆਂ ਪੈਂਦੀਆਂ ਹਨ। ਇਸ ਤੋਂ ਇਲਾਵਾ ਇਹ ਖੇਤੀਬਾੜੀ ਮਜ਼ਦੂਰ ਨੂੰ ਆਪਣੀ ਥਾਂ ਤੋਂ ਕੱਢਦੀ ਹੈ ਅਤੇ ਬੇਰੁਜ਼ਗਾਰੀ ਪੈਦਾ ਕਰਦੀ ਹੈ। ਇਹ ਪ੍ਰਣਾਲੀ ਆਮਦਨ ਵੰਡ ਅਤੇ ਸਮਾਜਿਕ ਅਨਿਆ ਲਈ ਜ਼ਿੰਮੇਵਾਰ ਹੈ।

## 2. ਸਰਕਾਰੀ ਖੇਤੀ ਪ੍ਰਣਾਲੀ (State Farming)

ਖੇਤੀਬਾੜੀ ਵਿੱਚ ਸਰਕਾਰੀ ਉੱਦਮ ਦੀ ਵਰਤੋਂ ਕਰਨਾ ਹੀ ਸਰਕਾਰੀ ਖੇਤੀ ਹੈ। ਇਸ ਵਿੱਚ ਨਿਜੀ ਹਿੱਸਾ-ਪੱਤੀਆਂ ਦੀ ਬਜਾਇ ਸਰਕਾਰ ਹੀ ਫਾਰਮ ਦੀ ਮਾਲਕ ਹੁੰਦੀ ਹੈ। ਇਸ ਵਿੱਚ ਸਰਕਾਰ ਵਲੋਂ ਤਿਆਰ ਕੀਤੀ ਯੋਜਨਾ ਦੇ ਅਨੁਸਾਰ ਭੂਮੀ ਦੇ ਮਾਲਕੀ ਅਤੇ ਪ੍ਰਬੰਧ ਸਰਕਾਰ ਕੋਲ ਹੁੰਦਾ ਹੈ। ਸਰਕਾਰ ਜੋਖਿਮ ਉਠਾਉਣ ਅਤੇ ਫੈਸਲੇ ਲੈਣ ਦੇ ਕਾਰਜ ਨਿਭਾਉਂਦੀ ਹੈ। ਜਦੋਂ ਕਿ ਕਾਸ਼ਤ ਕਿਰਾਏ ਦੇ ਮਜ਼ਦੂਰਾਂ ਦੀ ਸਹਾਇਤਾ ਨਾਲ ਕੀਤੀ ਜਾਂਦੀ ਹੈ। ਸਰਕਾਰੀ ਖੇਤੀ ਵਿੱਚ ਵੀ ਕਾਸ਼ਤਕਾਰ ਦਾ ਰੁਤਬਾ ਕੇਵਲ ਮਜ਼ਦੂਰਾਂ ਵਰਗਾ ਹੀ ਹੁੰਦਾ ਹੈ। ਕਾਸ਼ਤਕਾਰ ਜੋ ਕਿਰਾਏ ਦੇ ਨੌਕਰ ਹੁੰਦੇ ਹਨ ਉਨ੍ਹਾਂ ਨੂੰ ਸਰਕਾਰੀ ਯੋਜਨਾਵਾਂ ਅਨੁਸਾਰ ਪ੍ਰਬੰਧਕ ਵਲੋਂ ਮਿਲੇ ਨਿਰਦੇਸ਼ਨ ਅਨੁਸਾਰ ਕੰਮ ਕਰਨਾ ਪੈਂਦਾ ਹੈ। ਸਰਕਾਰੀ ਖੇਤੀ ਬਹੁਤ ਸਾਰੇ ਦੇਸ਼ਾਂ ਵਿੱਚ ਪਾਈ ਜਾਂਦੀ ਹੈ, ਖਾਸ ਕਰਕੇ ਰੂਸੀ ਅਰਥ-ਵਿਵਸਥਾ ਦੀ ਇਹ ਮਹੱਤਵਪੂਰਨ ਵਿਸ਼ੇਸ਼ਤਾ ਹੈ। ਭਾਰਤ ਵਿੱਚ ਕੁੱਝ ਸਟੇਟ ਫਾਰਮ ਪਾਏ ਜਾਂਦੇ ਹਨ। ਅਜਿਹੀ ਪ੍ਰਣਾਲੀ ਵਿੱਚ ਕਾਸ਼ਤ ਦੀ ਇਕਾਈ ਕਾਫ਼ੀ ਵੱਡੀ ਹੁੰਦੀ ਹੈ ਅਤੇ ਮਸ਼ੀਨਾਂ ਦੀ ਸੰਘਣੀ ਵਰਤੋਂ ਕੀਤੀ ਜਾਂਦੀ ਹੈ। ਇਸ ਲਈ ਵੱਡੇ ਪੈਮਾਨੇ ਦੇ ਸਾਰੇ ਲਾਭ ਉਠਾਏ ਜਾ ਸਕਦੇ ਹਨ। ਸਾਰੇ ਲਾਭ ਨਿੱਜੀ ਹਿੱਸਾ-ਪੱਤੀਆਂ ਦੀ ਬਜਾਇ ਸਰਕਾਰ ਕੋਲ ਜਾਂਦੇ ਹਨ ਜਿਸ ਦੇ ਨਤੀਜੇ ਵਜੋਂ ਇਸ ਪ੍ਰਣਾਲੀ ਅਧੀਨ ਧਨ ਦੀ ਅਸਮਾਨ ਵੰਡ ਵਿੱਚ ਕਮੀ ਆਉਂਦੀ ਹੈ।

ਇਸ ਕਿਸਮ ਦੀ ਖੇਤੀ ਵਿੱਚ ਵੀ ਕਾਰਪੋਰੇਟ ਫਾਰਮਿੰਗ ਵਾਲੇ ਸਾਰੇ ਦੋਸ਼ ਪਾਏ ਜਾਂਦੇ ਹਨ। ਪ੍ਰੰਤੂ ਸਰਕਾਰ ਦੀ ਉਚਿਤ ਨੀਤੀ ਰਾਹੀਂ ਮਜ਼ਦੂਰ ਦਾ ਸ਼ੋਸਣ ਅਤੇ ਰੋਜ਼ਗਾਰ ਅਫ਼ਸਰਾਂ ਦੀ ਕਮੀ ਇਤਿਆਦਿ ਬੁਰਾਈਆਂ ਨੂੰ ਕੁੱਝ ਹੱਦ ਤੱਕ ਰੋਕਿਆ ਜਾ ਸਕਦਾ ਹੈ। ਇਸ ਵਿੱਚ ਪ੍ਰਤੀ ਏਕੜ ਘੱਟ ਪੈਦਾਵਾਰ, ਮਸ਼ੀਨੀਕਰਨ ਦੀਆਂ ਬੁਰਾਈਆਂ, ਖੇਤੀ ਮਜ਼ਦੂਰਾਂ ਨੂੰ ਆਪਣੀਆਂ ਥਾਂ ਤੋਂ ਹਟਾਉਣਾ ਅਤੇ ਪ੍ਰਬੰਧ ਦੀ ਉੱਚੀ ਲਾਗਤ ਹੁੰਦੀ ਹੈ। ਇਸ ਤੋਂ ਇਲਾਵਾ ਸੁਪਰਵਾਈਜ਼ਰ ਅਤੇ ਕਾਮਿਆਂ ਦੋਵਾਂ ਵਿੱਚ ਮਾਲਕੀ ਵਾਲੇ ਪ੍ਰੋਤਸਾਹਨ ਵਾਲੀ ਕਮੀ ਕਾਰਨ ਕੁੱਝ ਗ਼ੈਰ-ਜ਼ਿੰਮੇਵਾਰਾਨਾ ਰਵੱਈਆ ਪਾਇਆ ਜਾਂਦਾ ਹੈ।

## 3. ਸਮੂਹਿਕ ਖੇਤੀ ਪ੍ਰਣਾਲੀ (Collective Farming)

ਸਮੂਹਿਕ ਖੇਤੀ ਦੀ ਪ੍ਰਣਾਲੀ ਦੇ ਵਿੱਚ ਭੂਮੀ, ਪਸ਼ੂ (live stock) ਅਤੇ ਪੂੰਜੀ ਸੰਪਤੀ ਦੀ ਮਾਲਕੀ ਸਮੁਦਾਇ ਦੇ ਕੋਲ ਹੁੰਦੀ ਹੈ ਅਤੇ ਆਮ ਤੌਰ ਤੇ ਕੋਈ ਵਿਅਕਤੀਗਤ ਖੇਤ ਨਹੀਂ ਹੁੰਦੇ ਅਤੇ ਨਾ ਹੀ ਭੂਮੀ ਦੀ ਨਿੱਜੀ ਮਾਲਕੀ ਹੁੰਦੀ ਹੈ। ਕਾਰਜ ਕ੍ਰਿਆ ਦਾ ਪੈਮਾਨਾ ਵੱਡਾ ਹੁੰਦਾ ਹੈ ਅਤੇ ਮਸ਼ੀਨੀਕਰਣ ਦੀ ਮਾਤਰਾ ਵੀ ਅਕਸਰ ਵਧੇਰੇ ਹੁੰਦੀ ਹੈ। ਕੰਮ ਸਮੁਦਾਇ ਦੇ ਮੈਂਬਰਾਂ ਵੱਲੋਂ ਮਿਲਜੁਲ ਕੇ ਹੀ ਕੀਤਾ ਜਾਂਦਾ ਹੈ। ਕੇਵਲ ਖਾਸ ਹਾਲਤਾਂ ਅਧੀਨ ਹੀ ਬਾਹਰਲੀ ਕਿਰਤ ਨੂੰ ਕੰਮ ਤੇ ਲਗਾਇਆ ਜਾਂਦਾ ਹੈ। ਆਮ ਤੌਰ ਤੇ ਮੈਂਬਰ ਆਪਣੇ ਵਿੱਚੋਂ ਹੀ ਇੱਕ ਬੋਰਡ ਆਫ਼ ਮੈਨੇਜ਼ਮੈਂਟ ਚੁਣ ਲੈਂਦੇ ਹਨ ਜੋ ਕਿ ਸਾਰੀ ਫਾਰਮ ਕਿਰਿਆ ਸੰਬੰਧੀ ਯੋਜਨਾ ਅਤੇ ਪ੍ਰਬੰਧ ਬਣਾਉਂਦਾ ਹੈ। ਕਈ ਵਾਰੀ ਸਰਕਾਰ ਬਾਹਰੋਂ ਵੀ ਮੈਨੇਜਰ ਨਿਯੁਕਤ ਕਰ ਦਿੰਦੀ ਹੈ। ਇਹ ਬੋਰਡ ਕਾਸ਼ਤ ਦੀ ਕਿਸਮ ਸੰਬੰਧੀ ਯੋਜਨਾ, ਫਾਰਮ ਤੇ ਲੱਗਣ ਵਾਲੇ ਵਿਭਿੰਨ ਆਦਾਨਾਂ ਦੀ ਖਰੀਦ ਅਤੇ ਫ਼ਸਲਾਂ ਨੂੰ ਵੇਚਣ ਲਈ ਵਿਵਸਥਾ ਕਰਦਾ ਹੈ ਅਤੇ ਇਸ ਤੋਂ ਇਲਾਵਾ ਪੈਦਾਵਾਰ ਨਾਲ ਸੰਬੰਧਿਤ ਕਿਸੇ ਵੀ ਵਿਧੀ ਤੋਂ ਜਾਣੂ ਹੋਣ ਲਈ ਸਰਕਾਰ ਨਾਲ ਵਾਸਤਾ ਰੱਖਦਾ ਹੈ। ਇਹ ਸਾਰੇ ਮੈਂਬਰਾਂ ਲਈ ਸਮਾਜਿਕ ਸੇਵਾਵਾਂ ਜਿਵੇਂ ਕਿ ਵਿਦਿਆ, ਮੈਡੀਕਲ ਸਹੂਲਤਾਂ ਆਦਿ ਦੀ ਵਿਵਸਥਾ ਕਰਦਾ ਹੈ।

ਭਾਵੇਂ ਸਾਰੇ ਮੈਂਬਰ ਕਿਰਤੀਆਂ ਦੀ ਤਰ੍ਹਾਂ ਕੰਮ ਕਰਦੇ ਹਨ ਫਿਰ ਵੀ ਉਹ ਮਜ਼ਦੂਰੀ ਲਈ ਕੰਮ ਕਰਨ ਵਾਲੇ ਮਜ਼ਦੂਰ ਨਹੀਂ। ਸਮੂਹਿਕ ਖੇਤੀ ਕਰਨ ਵਾਲਾ ਫਾਰਮਾਂ ਦਾ ਵੰਡ ਦਾ ਢੰਗ ਵੀ ਵੱਖੋ ਵੱਖਰਾ ਹੁੰਦਾ ਹੈ। ਇੱਕ ਮੈਂਬਰ ਦਾ ਹਿੱਸਾ ਉਸ ਵੱਲੋਂ ਪੈਦਾਵਾਰ ਵਿੱਚ ਪਾਏ ਹਿੱਸੇ ਭਾਵ ਕਿਰਤ ਦੇ ਦਿਨਾਂ ਦੇ ਅਨੁਸਾਰ ਨਿਰਧਾਰਤ ਕੀਤਾ ਜਾਂਦਾ ਹੈ। ਭਾਵੇਂ ਸਮੂਹਿਕ ਖੇਤੀ ਵਿੱਚ ਪੈਦਾਵਾਰ ਦੇ ਸਾਧਨ ਸਾਂਝੀ ਮਲਕੀਅਤ ਹੁੰਦੇ ਹਨ ਪ੍ਰੰਤੂ ਮਿਹਨਤਾਨਾ ਵਿਅਕਤੀਗਤ ਮੈਂਬਰ ਵਲੋਂ ਕੰਮ ਵਿੱਚ ਗੁਣਨਾਤਮਕ ਅਤੇ ਗਣਨਾਤਮਕ ਪੱਖ ਤੋਂ ਪਾਏ ਯੋਗਦਾਨ ਅਨੁਸਾਰ ਦਿੱਤਾ ਜਾਂਦਾ ਹੈ। ਦੂਜੇ ਸ਼ਬਦਾਂ ਵਿੱਚ ਭਾਵੇਂ ਪੈਦਾਵਾਰ ਸਮੂਹਿਕ ਯਤਨਾਂ ਦਾ ਨਤੀਜਾ ਹੈ ਪ੍ਰੰਤੂ ਵੰਡ ਅਤੇ ਉਪਭੋਗ ਵਿਅਕਤੀਗਤ ਆਧਾਰ ਤੇ ਕੀਤੇ ਜਾਂਦੇ ਹਨ। ਸਮੂਹਿਕ ਖੇਤੀ ਦੇ ਮੈਂਬਰਾਂ ਨੂੰ ਅਲਗ-ਅਲਗ ਸ਼੍ਰੇਣੀਆਂ ਜਿਸ ਨੂੰ 'Work Brigades' ਆਖਿਆ ਜਾਂਦਾ ਹੈ, ਵਿੱਚ ਵੰਡਿਆ ਜਾਂਦਾ ਹੈ। ਕਾਮਿਆਂ ਵੱਲੋਂ ਆਪਣੇ ਹੀ ਵਿੱਚੋਂ ਚੁਣੇ ਹੋਏ 'foreman' ਵਲੋਂ ਇੱਕ 'Work Brigade' ਦੇ ਕੰਮ ਦਾ ਨਿਰੀਖਣ ਕੀਤਾ ਜਾਂਦਾ ਹੈ ਅਤੇ ਰਿਕਾਰਡ ਰੱਖਿਆ ਜਾਂਦਾ ਹੈ। ਨਿਜੀ ਮਾਲਕੀ ਦੀ ਗ਼ੈਰ-ਹਾਜ਼ਰੀ ਕਾਰਣ ਕੁੱਝ ਹੋਰ ਮੋਦ੍ਰਿਕ ਪ੍ਰੋਤਸਾਹਨ ਅਤੇ ਪ੍ਰੇਰਕ ਸਕੀਮਾਂ (motivation schemes) ਸ਼ੁਰੂ ਕੀਤੀਆਂ ਜਾ ਰਹੀਆਂ ਹਨ। ਸਮੂਹਿਕ ਖੇਤੀ ਸਵੈ-ਇਛੁੱਕ ਸੰਗਠਨ ਨਹੀ ਹਨ, ਇਹ ਰਾਜਨੀਤਕ ਪ੍ਰਣਾਲੀ ਦਾ ਹਿੱਸਾ ਹੋਣ ਕਾਰਨ ਸਮੇਂ ਦੀ ਸਰਕਾਰ ਵੱਲੋਂ ਵੀ ਸੰਗਠਿਤ ਕੀਤੇ ਜਾਂਦੇ ਹਨ। ਇਸੇ ਕਾਰਨ ਇਹਨਾਂ ਤੇ ਸਰਕਾਰ ਦਾ ਨਿਯੰਤਰਨ ਹੁੰਦਾ ਹੈ। ਇਸ ਲਈ ਸਮੂਹਿਕ ਖੇ

ਤੀ ਪ੍ਰਣਾਲੀ ਵਿੱਚ ਵੀ ਸਰਕਾਰੀ ਖੇਤੀ ਪ੍ਰਣਾਲੀ ਵਾਲੇ ਹੀ ਦੋਸ਼ ਹੁੰਦੇ ਹਨ।

## 4. ਕਿਰਸਾਨੀ ਖੇਤੀ ਪ੍ਰਣਾਲੀ (Individual Peasant Farming)

ਕਿਰਸਾਨੀ ਖੇਤੀ ਤੋਂ ਭਾਵ ਹੈ ਖੇਤੀਬਾੜੀ ਵਿੱਚ ਛੋਟੇ ਪੈਮਾਨੇ ਦੇ ਨਿੱਜੀ ਉੱਦਮਾਂ ਵਲੋਂ ਕੀਤੀ ਗਈ ਖੇਤੀ। ਇਸ ਨੂੰ ਕਈ ਵਾਰੀ ਪਰਿਵਾਰਕ ਖੇਤੀ ਵੀ ਕਿਹਾ ਜਾਂਦਾ ਹੈ। ਇਸ ਵਿੱਚ ਕਾਸ਼ਤਕਾਰ ਕੋਲ ਭੂਮੀ ਦੀ ਮਾਲਕੀ ਹੁੰਦੀ ਹੈ। ਉਸ ਦਾ ਭੂਮੀ ਤੇ ਪੂਰੀ ਤਰ੍ਹਾਂ ਅਧਿਕਾਰ ਹੁੰਦਾ ਹੈ। ਉਹ ਬਿਨ੍ਹਾਂ ਕਿਸੇ ਬਾਹਰੀ ਦਖ਼ਲ ਅੰਦਾਜ਼ੀ ਦੇ, ਫਾਰਮ ਦਾ ਆਪਣੀ ਮਰਜ਼ੀ ਅਨੁਸਾਰ ਪ੍ਰਬੰਧ ਕਰ ਸਕਦਾ ਹੈ, ਫ਼ਸਲ ਦੀ ਪੈਦਾਵਾਰ, ਉਸ ਨੂੰ ਆਪਣੀ ਵਰਤੋਂ ਲਈ ਰੱਖਣ ਜਾਂ ਕੁੱਝ ਹਿੱਸਾ ਵੇਚਣ ਲਈ ਫ਼ੈਸਲਾ ਲੈ ਸਕਦਾ ਹੈ, ਫ਼ਾਰਮ ਦੀ ਕਾਸ਼ਤ ਲਈ ਬਾਹਰੋਂ ਕਿਸੇ ਮਜ਼ਦੂਰ ਨੂੰ ਕੰਮ ਤੇ ਨਹੀ ਲਾਉਂਦਾ। ਸਗੋਂ ਉਹ ਖੇਤੀ ਕਿਰਿਆਵਾਂ ਲਈ ਪਰਿਵਾਰਕ ਕਿਰਤੀਆਂ ਦੀ ਵਰਤੋਂ ਕਰਦਾ ਹੈ। ਖੇਤੀ ਵਿੱਚ ਮਸ਼ੀਨਰੀ ਦੀ ਵਰਤੋਂ ਬਹੁਤ ਹੀ ਘੱਟ ਭਾਵ ਨਾ ਮਾਤਰ ਹੁੰਦੀ ਹੈ ਕਿਉਂਕਿ ਕਾਸ਼ਤ ਦੀ ਇਕਾਈ ਬਹੁਤ ਛੋਟੀ ਹੁੰਦੀ ਹੈ। ਕਈ ਵਾਰੀ ਆਕਾਰ ਇੰਨਾ ਛੋਟਾ ਹੁੰਦਾ ਹੈ ਕਿ ਕਿਸਾਨ ਪਰਿਵਾਰਕ ਕਿਰਤੀਆਂ, ਬੈਲ ਉਪਲਬਧ ਫਾਰਮ ਔਜ਼ਾਰ ਅਤੇ ਹੋਰ ਸੰਪਤੀ ਦੀ ਵੀ ਵਰਤੋਂ ਨਹੀ ਕਰ ਸਕਦਾ। ਪੈਦਾਵਾਰ ਦਾ ਜ਼ਿਆਦਾਤਰ ਹਿੱਸਾ ਕਿਸਾਨ ਆਪ ਹੀ ਉਪਭੋਗ ਕਰ ਲੈਂਦੇ ਹਨ। ਕਈ ਵਾਰੀ ਕੁੱਝ ਹਾਲਤਾਂ ਵਿੱਚ ਕਿਸਾਨ ਸਾਰੀ ਫ਼ਸਲ ਮੰਡੀ ਵਿੱਚ ਵੀ ਭੇਜ ਦਿੰਦੇ ਹਨ। ਇਸ ਤੋਂ ਪ੍ਰਾਪਤ ਨਕਦੀ ਨਾਲ ਭੋਜਨ ਅਤੇ ਹੋਰ ਵਸਤਾਂ ਦੀਆਂ ਲੋੜਾਂ ਪੂਰੀਆਂ ਕਰ ਸਕਦੇ ਹਨ।

ਕਿਰਸਾਣੀ ਖੇਤੀ ਦੀਆਂ ਭਾਵੇਂ ਕਾਫੀ ਹਾਨੀਆਂ ਹਨ ਪ੍ਰੰਤੂ ਇਸ ਦੇ ਕੁੱਝ ਫਾਇਦੇ ਵੀ ਹਨ। ਇਹ ਕਾਫ਼ੀ ਹੱਦ ਤੱਕ ਫਾਰਮ ਦੇ ਛੋਟੇ ਆਕਾਰ ਕਾਰਨ ਹੀ ਪੈਦਾ ਹੁੰਦੇ ਹਨ। ਆਪਣੀ ਮਲਕੀਅਤ ਹੋਣ ਕਾਰਨ ਸਖ਼ਤ ਮਿਹਨਤ ਕਰਨ ਲਈ ਉਤਸ਼ਾਹ ਹੁੰਦਾ ਹੈ, ਧਿਆਨ ਨਾਲ ਸਾਰੇ ਕੰਮ ਨਿਪਟਾਏ ਜਾਂਦੇ ਹਨ, ਛੇਤੀ ਨਿਰਨੇ ਲਏ ਜਾ ਸਕਦੇ ਹਨ, ਮੰਡੀ ਦੇ ਬੁਰੇ ਝੁਕਾਅ ਤੋਂ ਬਚਾਅ ਰਹਿੰਦਾ ਹੈ, ਪ੍ਰਤੀ ਏਕੜ ਵਧੇਰੇ ਰੋਜ਼ਗਾਰ ਅਤੇ ਵਧੇਰੇ ਝਾੜ ਪੈਦਾ ਕਰਨਾ, ਇਸ ਫਾਰਮ ਸੰਗਠਨ ਦੇ ਕਈ ਫਾਇਦੇ ਹੁੰਦੇ ਹਨ। ਜੇਕਰ ਇਸ ਪ੍ਰਣਾਲੀ ਨੂੰ ਸਾਰੀ ਅਰਥ-ਵਿਵਸਥਾ ਵਿਚੋਂ ਇਕਸਾਰ ਅਪਨਾਇਆ ਜਾਵੇ ਤਾਂ ਇਹ ਕਿਸਾਨਾਂ ਲਈ ਵਧੇਰੇ ਸਮਾਜਿਕ ਨਿਆਂ ਨੂੰ ਯਕੀਨੀ ਬਣਾਏਗੀ।

## 5. ਸਹਿਕਾਰੀ ਖੇਤੀ ਪ੍ਰਣਾਲੀ (Co-operative Farming)

ਛੋਟੇ ਅਤੇ ਅਣ-ਆਰਥਿਕ ਖੇਤਾਂ ਦੇ ਨਾਲ ਪੈਦਾਵਾਰ ਨੂੰ ਵੱਡੀ ਮਾਤਰਾ ਵਿੱਚ ਵਧਾਉਣਾ ਸੰਭਵ ਨਹੀਂ ਹੁੰਦਾ। ਖੇਤੀਬਾੜੀ ਪੈਦਾਵਾਰ ਨੂੰ ਵਧਾਉਣ ਲਈ ਪ੍ਰਤਿ ਏਕੜ ਉਪਜ ਨੂੰ ਵਧਾਉਣਾ ਅਤਿਅੰਤ ਲਾਜ਼ਮੀ ਹੈ। ਇਸ ਲਈ ਕਾਸ਼ਤ, ਸਿੰਚਾਈ, ਇਤਿਆਦਿ ਦੇ ਸੁਧਰੇ ਢੰਗ ਤਰੀਕੇ ਅਪਨਾਉਣ ਤੋਂ ਪਹਿਲਾਂ ਜੋਤਾਂ ਦਾ ਆਕਾਰ ਵੱਡਾ ਹੋਣਾ ਚਾਹੀਦਾ ਹੈ।

ਅਜੋਕੀ ਸਮਾਜਿਕ-ਆਰਥਿਕ ਹਾਲਤ ਵਿੱਚ ਇੱਕ ਔਸਤ ਕਾਸ਼ਤਕਾਰ ਲਈ ਜੋਤਾਂ ਦਾ, ਆਕਾਰ ਵੱਡਾ ਕਰਨਾ ਕਾਫ਼ੀ ਮੁਸ਼ਕਿਲ ਹੈ ਕਿਉਂਕਿ ਵਧ ਰਹੇ ਜਨਸੰਖਿਆ ਦੇ ਬੋਝ ਕਾਰਨ ਜੋਤਾਂ ਦਾ ਆਕਾਰ ਛੋਟਾ ਹੁੰਦਾ ਹੈ। ਅਜਿਹਾ ਇਸ ਲਈ ਹੁੰਦਾ ਹੈ ਕਿਉਂਕਿ ਪੇਂਡੂ ਖੇਤਰ ਵਿੱਚ ਅਤੇ ਸ਼ਹਿਰਾਂ ਵਿਚ ਵਾਧੂ ਜਨਸੰਖਿਆ ਨੂੰ ਕੰਮ ਤੇ ਲਗਾਉਣ ਦੇ ਰਾਹ ਨਹੀਂ ਹੁੰਦੇ। ਇਸ ਤੋਂ ਇਲਾਵਾ ਭੂਮੀ ਦੀ ਮਾਲਕੀ ਨੂੰ ਇੱਕ ਸਮਾਜਿਕ ਰੁਤਬਾ ਸਮਝਿਆ ਜਾਂਦਾ ਹੈ। ਇਹ ਕਾਸ਼ਤਕਾਰ ਨੂੰ ਇੱਕ ਸੁਤੰਤਰ ਜ਼ਿੰਦਗੀ ਅਪਨਾਉਣ ਦੇ ਯੋਗ ਬਣਾਉਂਦੀ ਹੈ, ਜਿਥੇ ਉਹ ਆਪਣਾ ਮਾਲਕ ਆਪ ਹੁੰਦਾ ਹੈ ਅਤੇ ਉਸ ਨੇ ਪਿੰਡ ਵਿੱਚ ਕਿਸੇ ਹੋਰ ਦੇ ਅਧੀਨ ਕੰਮ ਨਹੀਂ ਕਰਨਾ ਹੁੰਦਾ। ਭਾਵੇਂ ਕਿਸਾਨ ਆਪਣੀ ਛੋਟੀ ਜੋਤ ਤੋਂ ਕੇਵਲ ਗੁਜਾਰੇ ਜੋਗੀ ਆਮਦਨ ਕੱਢਣ ਦੇ ਯੋਗ ਹੁੰਦਾ ਹੈ ਪ੍ਰੰਤੂ ਉਹ ਆਪਣੇ ਇਸ ਧੰਦੇ ਨੂੰ ਕਿਸੇ ਹੋਰ ਕੰਮ ਨਾਲ ਜੋ ਕਿ ਵਧੇਰੇ ਕਮਾਊ ਹੋਵੇ ਨਾਲ ਬਦਲਣ ਲਈ ਅਣਇੱਛੁਕ ਹੁੰਦਾ ਹੈ ਕਿਉਂਕਿ ਅਜਿਹਾ ਕਰਨ ਨਾਲ ਉਸ ਦੀ ਆਜ਼ਾਦੀ ਖ਼ਤਮ ਹੋ ਜਾਂਦੀ ਹੈ ਅਤੇ ਉਹ ਕੇਵਲ ਉਜ਼ਰਤੀ ਕਾਮਾ (wage earner) ਬਣ ਜਾਂਦਾ ਹੈ।

ਖੇਤੀਬਾੜੀ ਨੂੰ ਮੁੜ ਸੰਗਠਿਤ ਕਰਨ ਦੀ ਕੋਈ ਵੀ ਸਕੀਮ ਨੂੰ ਪਹਿਲਾਂ ਇਨ੍ਹਾਂ ਦੋ ਹਾਲਤਾਂ ਨਾਲ ਸੁਲਝਣਾ ਪਵੇਗਾ—ਪਹਿਲੀ ਕਾਸ਼ਤਕਾਰ ਕੋਲ ਮੌਜੂਦਾ ਛੋਟੀਆਂ ਜੋਤਾਂ ਅਤੇ ਕਿਸਾਨ ਦਾ ਭੂਮੀ ਤੋਂ ਅਧਿਕਾਰ ਛੱਡਣ ਵਿੱਚ ਅਤੇ ਦੂਜਿਆਂ ਦੇ ਅਧੀਨ ਕੰਮ ਕਰਨ ਲਈ ਅਣਇੱਛੁਕਤਾ। ਇਸ ਦਾ ਹੱਲ ਸਹਿਕਾਰੀ ਖੇਤੀ ਵਿੱਚ ਦਿਖਾਈ ਦਿੰਦਾ ਹੈ ਜਿਥੇ ਕਾਸ਼ਤਕਾਰ ਆਪਣੀ ਜ਼ਮੀਨ ਤੇ ਕਬਜਾ ਛੱਡੇ ਬਗ਼ੈਰ ਹੀ ਵੱਡੀਆਂ ਜੋਤਾਂ ਦੇ ਸੁਧਰੀਆਂ ਤਕਨੀਕਾਂ ਨਾਲ ਕਾਸ਼ਤ ਕਰਨ ਦਾ ਲਾਭ ਖੱਟ ਸਕਦਾ ਹੈ। ਇਸ ਲਈ ਖੇਤੀਬਾੜੀ ਪੈਦਾਵਾਰ ਨੂੰ ਵਧਾਉਣ ਲਈ (ਖਾਸ ਤੌਰ ਤੇ ਅਣ-ਆਰਥਿਕ ਜੋਤਾਂ ਉੱਤੇ) ਸਹਿਕਾਰੀ ਖੇਤੀ ਨੂੰ ਇੱਕ ਵਧੀਆ ਢੰਗ ਮੰਨਿਆ ਜਾਂਦਾ ਹੈ।

ਸਹਿਕਾਰੀ ਖੇਤੀ ਵਿਅਕਤੀਗਤ ਭੂ ਮਾਲਕਾਂ ਦਾ ਸਵੈ-ਇੱਛੁਕ ਸੰਗਠਨ ਹੈ ਜੋ ਭੂਮੀ ਤੇ ਮਿਲਕੇ ਖੇਤੀ ਕਰਨ ਦੇ ਉਦੇਸ਼ ਨਾਲ ਇਕੱਠੇ ਹੁੰਦੇ ਹਨ। ਕਾਸ਼ਤ ਦੇ ਉਦੇਸ਼ ਨਾਲ ਇਕੱਠੀ ਕੀਤੀ ਗਈ ਭੂਮੀ ਦੀ ਨਿੱਜੀ ਮਲਕੀਅਤ ਖ਼ਤਮ ਨਹੀਂ ਹੁੰਦੀ ਇਹ ਦਫ਼ਤਰੀ ਰਿਕਾਰਡਾਂ ਵਿੱਚ ਜਿਵੇਂ ਦੀ ਤਿਵੇਂ ਕਾਇਮ ਰਹਿੰਦੀ ਹੈ। ਜੇ ਕੋਈ ਮੈਂਬਰ ਚਾਹੇ ਤਾਂ ਉਹ ਇਸ ਸੰਗਠਨ ਵਿੱਚੋਂ ਆਪਣੇ ਆਪ ਨੂੰ ਲਾਂਭੇ ਕਰਕੇ ਮੁੜ ਆਪਣੇ ਖੇਤਰ ਵਿੱਚ ਅਲਗ ਤੌਰ ਤੇ ਖੇਤੀ ਕਰ ਸਕਦਾ ਹੈ।

ਸਹਿਕਾਰੀ ਫਾਰਮ ਦਾ ਨਿਯੰਤਰਨ ਇਸ ਦੇ ਮੈਂਬਰਾਂ ਵੱਲੋਂ ਹੀ ਚੁਣੀ ਹੋਈ ਇੱਕ ਬਾਡੀ ਕੋਲ ਹੁੰਦਾ ਹੈ। ਇਹ ਬਾਡੀ ਕਾਸ਼ਤ ਦੇ

ਢੰਗ ਬਾਰੇ ਯੋਜਨਾਬੰਦੀ, ਫਾਰਮ ਆਦਾਨ ਪ੍ਰਾਪਤ ਕਰਨ ਲਈ ਵਿਵਸਥਾ ਕਰਨਾ ਅਤੇ ਮੰਡੀ ਵਿੱਚ ਕਾਸ਼ਤ ਦੀ ਵਿਕਰੀ ਇਤਿਆਦਿ ਬਾਰੇ ਪ੍ਰਬੰਧ ਕਰਦੀ ਹੈ। ਕਾਸ਼ਤ ਯੋਜਨਾਬੰਦੀ ਲਈ ਸਾਰੀ ਇਕੱਠੀ ਕੀਤੀ ਭੂਮੀ ਨੂੰ ਇੱਕ ਫਾਰਮ ਦੇ ਤੌਰ ਤੇ ਮੰਨ ਲਿਆ ਜਾਂਦਾ ਹੈ। ਫਾਰਮ ਦਾ ਆਕਾਰ ਵੱਡਾ ਹੋਣ ਕਾਰਣ ਆਧੁਨਿਕ ਮਸ਼ੀਨਰੀ ਦੀ ਵਰਤੋਂ ਸੰਭਵ ਹੁੰਦੀ ਹੈ। ਖੇਤੀਬਾੜੀ ਦੇ ਸੁਧਰੇ ਢੰਗ ਤਰੀਕਿਆਂ ਦੀ ਵਰਤੋਂ ਕੀਤੀ ਜਾ ਸਕਦੀ ਹੈ। ਕੰਮ ਇੱਥੇ ਮਜ਼ਬੂਰੀ ਨਹੀਂ ਸਗੋਂ ਇੱਛਾ ਮੁਤਾਬਿਕ ਕੀਤਾ ਜਾਂਦਾ ਹੈ, ਜੇ ਲੋੜ ਹੋਵੇ ਤਾਂ ਬਾਹਰੋਂ ਕਿਰਤੀ ਕਿਰਾਏ ਤੇ ਲਗਾਏ ਜਾ ਸਕਦੇ ਹਨ।

**ਸਹਿਕਾਰੀ ਖੇਤੀ ਦੀਆਂ ਵਿਭਿੰਨ ਕਿਸਮਾਂ :–** ਇਸ ਦੀਆਂ ਕੁੱਝ ਕਿਸਮਾਂ ਨਿਮਨ ਅਨੁਸਾਰ ਹਨ :–

I. ਸਹਿਕਾਰੀ ਸਾਂਝੀ ਖੇਤੀ (Co-operative Joint Farming)
II. ਸਹਿਕਾਰੀ ਸਮੂਹਿਕ ਖੇਤੀ (Co-operative Collective Farming)
III. ਸਹਿਕਾਰੀ ਬਿਹਤਰ ਖੇਤੀ (Co-operative Better Farming)
IV. ਸਹਿਕਾਰੀ ਪੱਟੇਦਾਰ ਖੇਤੀ (Co-operative Tenant Farming)

### I. ਸਹਿਕਾਰੀ ਸਾਂਝੀ ਖੇਤੀ

**(Co-operative Joint Farming)**

ਇਹ ਇਸ ਤਰ੍ਹਾਂ ਦੀ ਸਮੁਦਾਇ ਹੈ ਜਿਸ ਵਿੱਚ ਕਿਸਾਨ ਆਪਣੀ ਮਰਜ਼ੀ ਨਾਲ ਇਕੱਠੇ ਹੋ ਕੇ ਆਪਣੀ ਕਾਸ਼ਤ ਯੋਗ ਜ਼ਮੀਨ ਨੂੰ ਇਕੱਠੀ ਕਰਕੇ ਖੇਤੀ ਕਰਦੇ ਹਨ। ਇਸ ਸਮੁਦਾਇ ਵਿੱਚ ਭਾਗੀਦਾਰ ਬਣਨ ਲਈ ਉਹਨਾਂ ਨੂੰ ਮਜ਼ਬੂਰ ਨਹੀਂ ਕੀਤਾ ਜਾਂਦਾ। ਸਾਰੇ ਮੈਂਬਰ ਮਿਲਕੇ ਮੈਨੇਜ਼ਮੈਂਟ ਚੁਣਦੇ ਹਨ। ਹਰੇਕ ਮੈਂਬਰ ਨੂੰ ਉਸ ਵੱਲੋਂ ਕੀਤੇ ਗਏ ਕੰਮ ਅਨੁਸਾਰ ਅਦਾਇਗੀ ਕੀਤੀ ਜਾਂਦੀ ਹੈ। ਅਦਾਨਾਂ ਦੀ ਖਰੀਦ ਤੋਂ ਲੈ ਕੇ ਪੈਦਾਵਾਰ ਦੀ ਵਿਕਰੀ ਨਾਲ ਸੰਬੰਧਿਤ ਸਾਰੀਆਂ ਖੇਤੀਬਾੜੀ ਕਿਰਿਆਵਾਂ ਸਾਂਝੇ ਤੌਰ ਤੇ ਅਤੇ ਆਪਣੀ ਇੱਛਾ ਮੁਤਾਬਿਕ ਕੀਤੇ ਜਾਂਦੇ ਹਨ।

### II. ਸਹਿਕਾਰੀ ਸਮੂਹਿਕ ਖੇਤੀ

**(Co-operative Collective Farming)**

ਇਸ ਸੁਸਾਇਟੀ ਅਧੀਨ ਖੇਤੀ ਮਿਲ ਕੇ ਕੀਤੀ ਜਾਂਦੀ ਹੈ। ਭੂਮੀ ਇਕੱਠੀ ਕਰਕੇ ਉਸ ਤੇ ਕਾਸ਼ਤ ਮਿਲ ਕੇ ਕੀਤੀ ਜਾਂਦੀ ਹੈ। ਭੂਮੀ, ਪਸ਼ੂਪਾਲਣ ਅਤੇ ਬਾਕੀ ਸਾਧਨ ਵੀ ਸਾਂਝੇ ਹੁੰਦੇ ਹਨ, ਕੰਮ ਵੀ ਇਕੱਠਿਆਂ ਕੀਤਾ ਜਾਂਦਾ ਹੈ। ਮੈਨੇਜਮੈਂਟ ਵੀ ਚੁਣੀ ਜਾਂਦੀ ਹੈ। ਪ੍ਰੰਤੂ ਇਸ ਸੁਸਾਇਟੀ ਦੇ ਵਿੱਚ ਮੈਂਬਰਾਂ ਦੀ ਭੂਮੀ ਦੀ ਨਿੱਜੀ ਮਾਲਕੀ ਖ਼ਤਮ ਹੋ ਜਾਂਦੀ ਹੈ। ਉਹਨਾਂ ਨੂੰ ਸੁਸਾਇਟੀ ਦੇ ਨੌਕਰਾਂ ਦੀ ਤਰ੍ਹਾਂ ਕੰਮ ਕਰਨਾ ਪੈਂਦਾ ਹੈ ਅਤੇ ਕੀਤੇ ਕੰਮ ਲਈ ਉਹਨਾਂ ਨੂੰ ਮਜ਼ਦੂਰੀ ਮਿਲਦੀ ਹੈ। ਮੈਂਬਰਾਂ ਨੂੰ ਮਜ਼ਦੂਰੀ ਦੇ ਅਨੁਪਾਤ ਵਿੱਚ ਬੋਨਸ ਵੀ ਦਿੱਤਾ ਜਾਂਦਾ ਹੈ। ਮਜ਼ਦੂਰੀ ਤੋਂ ਇਲਾਵਾ ਫਾਰਮ ਦੀ ਵਾਫਰ ਪੈਦਾਵਾਰ ਵਿੱਚੋਂ ਵੀ ਹਰੇਕ ਮੈਂਬਰ ਨੂੰ ਹਿੱਸਾ ਦਿੱਤਾ ਜਾਂਦਾ ਹੈ। ਉਹ ਚਾਹੁਣ ਤਾਂ ਵੀ ਭੂਮੀ ਸੁਸਾਇਟੀ ਵਿੱਚੋਂ ਵਾਪਸ ਨਹੀਂ ਲੈ ਸਕਦੇ। ਇਹ ਫਾਰਮ ਵੱਡੇ ਪੈਮਾਨੇ ਦਾ ਫਾਰਮ ਹੈ ਅਤੇ ਮਸ਼ੀਨਰੀ ਦੀ ਵਰਤੋਂ ਕੀਤੀ ਜਾਂਦੀ ਹੈ।

### III. ਸਹਿਕਾਰੀ ਬਿਹਤਰ ਖੇਤੀ

**(Co-operative Better Farming)**

ਇਸ ਕਿਸਮ ਦੀ ਸੁਸਾਇਟੀ ਵਿੱਚ ਕਿਸਾਨ ਆਪਣੀ ਜ਼ਮੀਨ ਨੂੰ ਖੇਤੀ ਲਈ ਇਕੱਠਾ ਨਹੀਂ ਕਰਦੇ ਸਗੋਂ ਖੇਤੀ ਦੇ ਸੁਧਾਰ ਲਈ ਇੱਕ ਅਜਿਹੀ ਸੁਸਾਇਟੀ ਬਣਾਉਂਦੇ ਹਨ ਜੋ ਉਹਨਾਂ ਨੂੰ ਵਧੀਆ ਬੀਜਾਂ, ਉੱਨਤ ਤਕਨੀਕ, ਖਾਦਾਂ, ਸਾਖ ਸਹੂਲਤਾਂ ਇਤਿਆਦਿ ਦਿਵਾਉਣ ਵਿੱਚ ਮਦਦ ਕਰੇ। ਇਹ ਸੁਸਾਇਟੀ ਪੈਦਾਵਾਰ ਲਈ ਮੰਡੀ ਦੀਆਂ ਸਹੂਲਤਾਂ, ਸਟੋਰਜ਼ ਇਤਿਆਦਿ ਦਾ ਪ੍ਰਬੰਧ ਕਰਨ ਦੀ ਵੀ ਕੋਸ਼ਿਸ਼ ਕਰਦੀ ਹੈ। ਸੁਸਾਇਟੀ ਦੇ ਮੈਂਬਰ ਖੇਤੀ ਦੀ ਬਿਹਤਰੀ ਲਈ ਇਹਨਾਂ ਆਦਾਨਾਂ ਅਤੇ ਸੇਵਾਵਾਂ ਦੀ ਵਰਤੋਂ ਕਰਦੇ ਹਨ ਅਤੇ ਇਸ ਦੇ ਇਵਜ਼ ਵਿੱਚ ਆਪਣੇ ਪੱਧਰ ਤੇ ਅਦਾਇਗੀ ਕਰਦੇ ਹਨ। ਮੈਂਬਰ ਆਪਣੇ ਵਿੱਚੋਂ ਹੀ ਇੱਕ ਛੋਟੀ ਜਿਹੀ ਕਮੇਟੀ ਚੁਣਦੇ ਹਨ ਜੋ ਸੁਸਾਇਟੀ ਦਾ ਪ੍ਰਬੰਧ ਚਲਾਉਂਦੀ ਹੈ।

### IV. ਸਹਿਕਾਰੀ ਪੱਟੇਦਾਰ ਖੇਤੀ

**(Co-operative Tenant Farming)**

ਇਸ ਕਿਸਮ ਵਿੱਚ ਕਈ ਵਿਅਕਤੀ ਇਕੱਠੇ ਹੋ ਕੇ ਜ਼ਮੀਨ ਲੀਜ਼ (Lease) ਤੇ ਜਾਂ ਕੋਈ ਨਵਾਂ ਟੁੱਕੜਾ ਖਰੀਦ ਲੈਂਦੇ ਹਨ। ਉਸ ਤੋਂ ਬਾਅਦ ਇਸ ਜ਼ਮੀਨ ਨੂੰ ਉਹਨਾਂ ਵਿਅਕਤੀਆਂ ਵਿੱਚ ਵੰਡ ਦਿੱਤਾ ਜਾਂਦਾ ਹੈ ਜੋ ਕਿ ਉਸ ਦੇ ਟੁਕੜੇ ਤੇ ਆਪਣੇ ਹਿਸਾਬ ਨਾਲ ਵਾਹੀ ਕਰਦਾ ਹੈ ਅਤੇ ਜ਼ਮੀਨ ਤੇ ਹੋਈ ਪੈਦਾਵਾਰ ਦਾ ਹੱਕਦਾਰ ਹੁੰਦਾ ਹੈ, ਪ੍ਰੰਤੂ ਉਸ ਨੇ

ਸੁਸਾਇਟੀ ਨੂੰ ਕਿਰਾਇਆ ਦੇਣਾ ਹੁੰਦਾ ਹੈ। ਸੁਸਾਇਟੀ ਮੈਂਬਰਾਂ ਲਈ ਬਾਕੀ ਸਹੂਲਤਾਂ ਉਪਲਬਧ ਕਰਾਉਣ ਦਾ ਉਪਰਾਲਾ ਵੀ ਕਰਦੀ ਹੈ। ਇਹ ਪ੍ਰਣਾਲੀ ਉਸ ਵੇਲੇ ਵਧੇਰੇ ਉਚਿਤ ਹੁੰਦੀ ਹੈ ਜਦੋਂ ਮੈਂਬਰ ਬਿਨ੍ਹਾਂ ਜ਼ਮੀਨ ਤੋਂ ਕਿਰਤੀ ਹੋਣ। ਸਹਿਕਾਰੀ ਸਮੂਹਿਕ ਖੇਤੀ ਪੂਰੀ ਤਰ੍ਹਾਂ ਸਮਾਜਵਾਦੀ ਦੇਸ਼ਾਂ ਵਿੱਚ ਅਪਨਾਈ ਜਾ ਸਕਦੀ ਹੈ। ਸਹਿਕਾਰੀ ਬਿਹਤਰ ਖੇਤੀ ਸਥਾਈ ਨਹੀਂ ਹੈ ਕਿਉਂਕਿ ਕੋਈ ਕਿਸਾਨ ਸੁਸਾਇਟੀ ਨੂੰ ਜਦੋਂ ਚਾਹੇ ਛੱਡ ਸਕਦਾ ਹੈ।

ਸਹਿਕਾਰੀ ਸਾਂਝੀ ਖੇਤੀ ਨੂੰ ਬਾਕੀਆਂ ਨਾਲੋਂ ਵਧੀਆ ਗਿਣਿਆ ਜਾਂਦਾ ਹੈ ਕਿਉਂਕਿ ਇਸ ਵਿੱਚ ਮੈਂਬਰਸ਼ਿਪ ਸਵੈ-ਇਛੁੱਕ ਹੁੰਦੀ ਹੈ ਅਤੇ ਭੂਮੀ ਦੀ ਨਿਜੀ ਮਾਲਕੀ ਬਣੀ ਰਹਿੰਦੀ ਹੈ। ਮੈਨੇਜ਼ਮੈਂਟ ਉਹਨਾਂ ਵਲੋਂ ਆਪ ਚੁਣੀ ਹੋਈ ਹੁੰਦੀ ਹੈ। ਸਾਧਨਾਂ ਵਿੱਚ ਪਾਏ ਯੋਗਦਾਨ ਦੇ ਮੁਤਾਬਿਕ ਉਹਨਾਂ ਨੂੰ ਆਮਦਨ ਹੋ ਜਾਂਦੀ ਹੈ। ਸਮਾਜਿਕ ਸੇਵਾਵਾਂ ਮੁਹੱਈਆ ਕਰਨ ਦੀ ਜ਼ਿੰਮੇਵਾਰੀ ਵੀ ਸੁਸਾਇਟੀ ਨਿਭਾਉਂਦੀ ਹੈ।

## ਸਹਿਕਾਰੀ ਖੇਤੀ ਦੇ ਹੱਕ ਵਿੱਚ ਦਲੀਲਾਂ

**(Case for Co-operative Farming)**

ਜਦੋਂ ਜੋਤਾਂ ਦਾ ਆਕਾਰ ਬਹੁਤ ਹੀ ਛੋਟਾ ਹੋਵੇ ਤਾਂ ਕਿਸਾਨ ਉਸ ਤੋਂ ਗੁਜ਼ਾਰੇ ਜੋਗੀ ਆਮਦਨ ਵੀ ਮੁਸ਼ਕਿਲ ਨਾਲ ਕਮਾ ਸਕਦਾ ਹੈ ਅਤੇ ਉਸ ਨੂੰ ਆਮਦਨ ਵਧਾਉਣ ਲਈ ਹੋਰ ਉਪਰਾਲੇ ਕਰਨੇ ਪੈਂਦੇ ਹਨ। ਕੁੱਝ ਲੋਕ ਛੋਟੇ ਖੇਤਾਂ ਦੀ ਸਮੱਸਿਆ ਦੇ ਹੱਲ ਲਈ ਜੋਤਾਂ ਦੀ ਚੱਕਬੰਦੀ ਅਤੇ ਸਹਿਕਾਰੀ ਸੇਵਾਵਾਂ ਦਾ ਸੁਝਾਅ ਦਿੰਦੇ ਹਨ ਪ੍ਰੰਤੂ ਇਸ ਨਾਲ ਵੀ ਸਮੱਸਿਆ ਦਾ ਸਮਾਧਾਨ ਨਹੀਂ ਹੁੰਦਾ। ਇਸੇ ਕਰਕੇ ਜੋਤਾਂ ਦਾ ਆਕਾਰ ਵੱਡਾ ਕਰਨ ਲਈ ਤਾਂ ਕਿ ਵੱਡੇ ਪੈਮਾਨੇ ਦੀਆਂ ਬੱਚਤਾਂ ਪ੍ਰਾਪਤ ਕੀਤੀਆਂ ਜਾ ਸਕਨ, ਵਾਫਰ ਕਿਰਤ ਸਾਧਨਾਂ ਨੂੰ ਗਤੀਸ਼ੀਲ ਕਰਨ ਲਈ ਅਤੇ ਪੈਦਾਵਾਰ ਨੂੰ ਵਧਾਉਣ ਲਈ ਸਹਿਕਾਰੀ ਖੇਤੀ ਦੇ ਢੰਗ ਨੂੰ ਅਪਨਾਉਣ ਦਾ ਸੁਝਾਅ ਉਚਿਤ ਲੱਗਦਾ ਹੈ। ਵਿਸ਼ਸ਼ਟੀਕਰਨ ਅਤੇ ਮੈਨੇਜਰ ਦੀ ਯੋਗਤਾ ਕਾਰਨ ਪੈਦਾਵਾਰ ਦੀ ਲਾਗਤ ਘੱਟ ਜਾਂਦੀ ਹੈ। ਵੱਡੇ ਪੈਮਾਨੇ ਤੇ ਖੇਤੀ ਕਰਨ ਕਾਰਨ ਮਸ਼ੀਨੀਕਰਨ ਦੀ ਵਰਤੋਂ ਕਾਰਨ ਵੱਡੇ ਪੈਮਾਨੇ ਦੀਆਂ ਬੱਚਤਾਂ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ। Indian Delegation to China and Japan ਦੇ ਸ਼ਬਦਾਂ ਵਿੱਚ, "In Co-operative farming" the farming can be done on large scale and hence it will obtain all the economies of large scale production i.e. reduction in cost, specialisation and managerial skill."

ਕੋਆਪਰੇਟਿਵ ਫਾਰਮਿੰਗ ਸੁਸਾਇਟੀ ਖੇਤੀਬਾੜੀ ਪੈਦਾਵਾਰ ਨਾਲ ਜੁੜੀਆਂ ਹੋਰ ਕਿਰਿਆਵਾਂ ਵੀ ਕਰ ਸਕਦੀ ਹੈ ਜਿਵੇਂ ਫ਼ਲ ਅਤੇ ਸਬਜੀਆਂ ਦੀ ਪੈਦਾਵਾਰ ਕੀਤੀ ਜਾ ਸਕਦੀ ਹੈ। ਡੇਅਰੀ ਸ਼ੁਰੂ ਕੀਤੀ ਜਾ ਸਕਦੀ ਹੈ। ਵੱਡੇ ਪੈਮਾਨੇ ਦੇ ਖੇਤ ਤੇ ਘੱਟ ਕਿਰਤੀਆਂ ਨਾਲ ਸਾਰ ਕੇ ਇੱਕ ਪਾਸੇ ਤਾਂ ਪ੍ਰਤਿ ਵਿਅਕਤੀ ਪੈਦਾਵਾਰ ਨੂੰ ਵਧਾਇਆ ਜਾ ਸਕਦਾ ਹੈ, ਦੂਜੇ ਪਾਸੇ ਵਾਫਰ ਬਚੇ ਕਿਰਤੀਆਂ ਨੂੰ ਪਿੰਡਾਂ ਦੇ ਹੋਰ ਕੰਮਾਂ ਵਿੱਚ ਸੁਧਾਰ ਕਰਨ ਵਾਲੇ ਪਾਸੇ ਲਗਾਇਆ ਜਾ ਸਕਦਾ ਹੈ। ਵਾਧੂ ਬਚੇ ਸਾਧਨਾਂ ਨੂੰ ਵੀ ਹੋਰ ਕੰਮਾਂ ਤੇ ਲਗਾਇਆ ਜਾ ਸਕਦਾ ਹੈ। ਸਹਿਕਾਰੀ ਖੇਤੀ ਰੋਜ਼ਗਾਰ ਲਈ ਹੋਰ ਰਾਹ ਖੁਲ੍ਹਦੀ ਹੈ ਨਤੀਜੇ ਵਜੋਂ ਮੈਂਬਰਾਂ ਦੀ ਆਮਦਨ ਵਧੇਗੀ, ਬੱਚਤ ਵਧੇਗੀ, ਰਹਿਣ-ਸਹਿਣ ਦਾ ਸਤਰ ਉੱਚਾ ਹੋਵੇਗਾ। ਖੇਤੀਬਾੜੀ ਪੈਦਾਵਾਰ ਦੀਆਂ ਤਕਨੀਕਾਂ ਵਿੱਚ ਸੁਧਾਰ ਲਿਆਉਣ ਲਈ ਵੀ ਸਹਿਕਾਰੀ ਖੇਤੀ ਸੁਸਾਇਟੀ ਰਿਸਰਚ ਯੂਨਿਟ ਵੀ ਲਗਾ ਸਕਦੀ ਹੈ। ਇਸ ਦਾ ਸਰਕਾਰ ਨਾਲ ਵੀ ਨੇੜੇ ਦਾ ਸੰਬੰਧ ਸਥਾਪਿਤ ਹੋ ਸਕਦਾ ਹੈ। ਸਰਕਾਰ ਲਈ ਵੀ ਇੱਕ-ਇੱਕ ਕਿਸਾਨ ਕੋਲ ਆਪਣੀ ਨੀਤੀਆਂ ਬਾਰੇ ਜਾਣਕਾਰੀ, ਉਨ੍ਹਾਂ ਨੂੰ ਲਾਗੂ ਕਰਨ ਲਈ ਸੇਧ ਦੇਣ ਮੁਸ਼ਕਿਲ ਹੁੰਦਾ ਹੈ ਜਦ ਕਿ ਸੁਸਾਇਟੀ ਨੂੰ ਇਹਨਾਂ ਬਾਰੇ ਦੱਸਣਾ ਸੌਖਾ ਹੁੰਦਾ ਹੈ।

## ਸਹਿਕਾਰੀ ਖੇਤੀ ਦੇ ਵਿਰੁੱਧ ਦਲੀਲਾਂ

**(Case against Co-operative Farming)**

ਸਹਿਕਾਰੀ ਖੇਤੀ ਦੇ ਵਿਰੁੱਧ ਮੁੱਖ ਤੌਰ ਤੇ ਇਹ ਕਿਹਾ ਜਾਂਦਾ ਹੈ ਕਿ ਭਾਵੇਂ ਜ਼ਮੀਨ ਤੇ ਮਾਲਕੀ ਕਿਸਾਨ ਦੀ ਰਹਿੰਦੀ ਹੈ ਪ੍ਰੰਤੂ ਪੈਦਾਵਾਰ ਉਸ ਨੇ ਮਿਲਕੇ ਕਰਨੀ ਹੁੰਦੀ ਹੈ ਜਿਸ ਕਾਰਨ ਉਸ ਵਿਚੋਂ ਜ਼ਿੰਮੇਵਾਰੀ ਦਾ ਅਹਿਸਾਸ ਘੱਟ ਹੋ ਜਾਂਦਾ ਹੈ। ਕਈ ਵਾਰੀ ਕਾਮੇ ਕਿਰਾਏ ਤੇ ਵੀ ਲਗਾਏ ਜਾਂਦੇ ਹਨ ਅਤੇ ਨਤੀਜੇ ਵਜੋਂ ਉਹ ਜੀਅ ਤੋੜ ਮਿਹਨਤ ਨਹੀਂ ਕਰਦੇ। ਨਿਜੀ ਜਾਇਦਾਦ ਵਿੱਚ ਮਿੱਟੀ ਨੂੰ ਸੋਨੇ ਵਿੱਚ ਬਦਲਣ ਦਾ ਗੁਣ ਹੁੰਦਾ ਹੈ ਅਤੇ ਇਹ ਵਿਅਕਤੀ ਨੂੰ ਸਖ਼ਤ ਮਿਹਨਤ ਕਰਨ ਵਿੱਚ ਰੁਚੀ ਪੈਦਾ ਕਰਦੀ ਹੈ ਅਤੇ ਉਹ ਵਾਧੂ ਪੈਦਾਵਾਰ ਵਿੱਚ ਵਾਧਾ ਕਰਨਾ ਚਾਹੁੰਦਾ ਹੈ ਜਦ ਕਿ ਸਹਿਕਾਰੀ ਖੇਤੀ ਵਿੱਚ ਅਜਿਹਾ ਨਹੀਂ ਹੁੰਦਾ। ਇਸ ਤੋਂ ਇਲਾਵਾ ਜੇ ਕਿਸੇ ਕਿਸਮ ਦਾ ਨੁਕਸਾਨ ਹੋ ਜਾਵੇ ਤਾਂ ਇਸ ਲਈ ਦੂਜੇ ਨੂੰ ਜ਼ਿੰਮੇਵਾਰ ਠਹਿਰਾਇਆ ਜਾ ਸਕਦਾ ਹੈ। ਕੁੱਝ ਅਰਥ-ਸ਼ਾਸਤਰੀਆਂ ਦਾ ਇਹ ਵੀ ਵਿਚਾਰ ਹੈ ਕਿ Co-operative farming ਦੀ ਬਜਾਇ Service Co-operative ਹਰੇ ਕ ਕਿਸਾਨ ਨੂੰ ਪੈਮਾਨੇ ਦੀਆਂ ਬੱਚਤਾਂ ਵਧੇਰੇ ਮੁਹੱਈਆ ਕਰਵਾ ਸਕਦੀਆਂ ਹਨ। ਸਸਤੀ ਸਾਖ, ਵਧੇਰੇ ਖਰੀਦ ਅਤੇ ਵਿਕਰੀ ਇਤਿਆਦਿ

ਸੇਵਾਵਾਂ ਨਾਲ ਪੈਮਾਨੇ ਦੀਆਂ ਬੱਚਤਾਂ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ। ਕੋਆਪਰੇਟਿਵ ਸਟੋਰੇਜ਼, ਕੋਆਪਰੇਟਿਵ ਵੇਅਰਹਾਉਸਿੰਗ, ਕੋਆਪਰੇਟਿਵ ਮਾਰਕਿਟਿੰਗ, ਇਤਿਆਦਿ ਅਤੇ ਕੋਆਪਰੇਟਿਵ ਕ੍ਰੈਡਿਟ ਸੁਸਾਇਟੀਆਂ ਸੰਸਥਾਵਾਂ ਵੀ ਕਿਸਾਨ ਨੂੰ ਕਾਰਗਰ ਤਰੀਕੇ ਨਾਲ ਫਾਇਦਾ ਦਵਾ ਸਕਦੀਆਂ ਹਨ।

ਸਹਿਕਾਰੀ ਖੇਤੀ ਸੰਗਠਨ ਨੂੰ ਵੰਡ ਦੀ ਸਮੱਸਿਆ ਵੀ ਆ ਸਕਦੀ ਹੈ। ਜਿਸ ਤਰ੍ਹਾਂ ਕਿ ਅਸੀਂ ਪੜ੍ਹਿਆ ਹੈ ਕਿ ਇੱਕ ਸੁਸਾਇਟੀ ਦੇ ਮੈਂਬਰਾਂ ਨੂੰ ਜ਼ਮੀਨ, ਕੰਮ, ਪਸ਼ੂ ਧਨ ਅਤੇ ਹੋਰ ਸੰਪਤੀ ਜੋ ਉਹਨਾਂ ਨੇ ਸੁਸਾਇਟੀ ਵਿੱਚ ਹਿੱਸਾ ਪਾਇਆ ਹੈ ਉਸ ਬਦਲੇ ਅਦਾਇਗੀ ਕੀਤੀ ਜਾਂਦੀ ਹੈ। ਹਰੇਕ ਵਿਅਕਤੀ ਦੀ ਕੰਮ ਕਰਨ ਦੀ ਆਦਤ ਅਤੇ ਕਾਰਜਸ਼ਕਤੀ ਵਿੱਚ ਫਰਕ ਹੋ ਸਕਦਾ ਹੈ ਸੋ ਕੰਮ ਦਾ ਮਿਆਰੀਕਰਨ ਕਰਨਾ ਮੁਸ਼ਕਿਲ ਹੁੰਦਾ ਹੈ। ਇਸੇ ਤਰ੍ਹਾਂ ਭੂਮੀ ਦੀ ਉਪਜਾਊ ਸ਼ਕਤੀ ਵਿੱਚ ਵੀ ਫਰਕ ਹੋ ਸਕਦਾ ਹੈ। ਇਸੇ ਤਰ੍ਹਾਂ ਬਾਕੀ ਸੰਪਤੀ ਦੀ ਕਿਸਮ ਵਿੱਚ ਫਰਕ ਹੋ ਸਕਦਾ ਹੈ। ਸੋ ਸਪਸ਼ਟ ਹੈ ਕਿ ਵੰਡ ਦਾ ਆਧਾਰ ਜੋ ਸਭ ਲਈ ਨਿਆਂ ਯੋਗ ਹੋਵੇ , ਨਿਰਧਾਰਿਤ ਕਰਨ ਵਿੱਚ ਮੁਸ਼ਕਿਲ ਆਵੇਗੀ।

ਇਸ ਤੋਂ ਇਲਾਵਾ ਇਹ ਵੀ ਕਿਹਾ ਜਾਂਦਾ ਹੈ ਕਿ ਜੇ ਕ੍ਰਿਸਾਨੀ ਖੇਤੀ ਕਰਨ ਵਾਲੇ ਕਿਸਾਨਾਂ ਨੂੰ ਸਰਕਾਰ ਤਕਨੀਕੀ ਅਤੇ ਵਿੱਤੀ ਸਹੂਲਤਾਂ ਦੇਵੇ ਤਾਂ ਉਹ ਆਪਣੇ ਉਤਪਾਦਨ ਨੂੰ ਕਾਫ਼ੀ ਵਧਾ ਸਕਦੇ ਹਨ। ਇਹ ਵੀ ਕਿਹਾ ਜਾਂਦਾ ਹੈ ਕਿ ਕ੍ਰਿਸਾਨੀ ਖੇਤੀ ਵਿੱਚ ਹਰੇਕ ਕਿਸਾਨ ਨੂੰ ਆਪਣੇ ਖੇਤੀ ਦੇ ਕੰਮ ਧੰਦੇ ਲਈ ਪਸ਼ੂ ਰੱਖਣੇ ਪੈਂਦੇ ਹਨ ਅਤੇ ਪਸ਼ੂਆਂ ਦਾ ਗੋਬਰ ਖੇਤਾਂ ਲਈ ਰਸਾਇਣਿਕ ਖਾਦ ਨਾਲੋਂ ਕਿਤੇ ਫਾਇਦੇਮੰਦ ਹੈ ਅਤੇ ਪੈਦਾਵਾਰ ਵਧਾਉਣ ਵਿੱਚ ਸਹਾਇਕ ਹੁੰਦਾ ਹੈ।

ਪਿੰਡਾਂ ਵਿੱਚ ਭੂਮੀ ਨਾ ਕੇਵਲ ਕਮਾਉਣ ਦਾ ਸਾਧਨ ਹੈ ਸਗੋਂ ਸਮਾਜਿਕ ਰੁਤਬੇ ਦਾ ਵੀ ਚਿੰਨ੍ਹ ਹੈ। ਇਸੇ ਕਰਕੇ ਕੋਈ ਇਸ ਨੂੰ ਕਿਸੇ ਵੀ ਸੁਸਾਇਟੀ ਜਾਂ ਸੰਸਥਾ ਨੂੰ ਦੇਣ ਦਾ ਇਛੁੱਕ ਨਹੀਂ ਹੁੰਦਾ। ਇਸ ਤੋਂ ਇਲਾਵਾ ਮੈਂਬਰਾਂ ਦੇ ਮਨ ਵਿੱਚ ਭੂਮੀ ਸਦਾ ਲਈ ਸੁਸਾਇਟੀ ਕੋਲ ਜਾਣ ਦਾ ਖਤਰਾ ਬਣਿਆ ਰਹਿੰਦਾ ਹੈ। ਇਸੇ ਕਰਕੇ ਸਹਿਕਾਰੀ ਸੁਸਾਇਟੀ ਉਸੇ ਵੇਲੇ ਟੁੱਟ ਜਾਂਦੀ ਹੈ ਜਦੋਂ ਵੀ ਮੈਂਬਰਾਂ ਵਿੱਚ ਕੋਈ ਛੋਟਾ ਮੋਟਾ ਲੜਾਈ ਝਗੜਾ ਹੋ ਜਾਵੇ।

## ਭਾਰਤ ਦੇ ਸੰਦਰਭ ਵਿੱਚ ਇਨ੍ਹਾਂ ਪ੍ਰਣਾਲੀਆਂ ਦਾ ਮੁਲਾਂਕਣ

ਪ੍ਰੰਪਰਾਵਾਦੀ ਖੇਤੀਬਾੜੀ ਨੂੰ ਤਕਨੀਕੀ ਤੌਰ ਤੇ ਵਿਕਸਤ ਅਤੇ ਆਧੁਨਿਕ ਖੇਤੀਬਾੜੀ ਵਿੱਚ ਤਬਦੀਲ ਕਰਕੇ ਉਤਪਾਦਿਕਤਾ ਨੂੰ ਵਧਾਉਣਾ ਅਤੇ ਵਿਕਾਸ ਅਤੇ ਲਾਭ ਦੇ ਅਵਸਰਾਂ ਦੀ ਸਮਾਨ ਵੰਡ ਕਰਨਾ ਇਸ ਦੇਸ਼ ਦੇ ਦੋ ਸਰਵ ਪ੍ਰਮਾਨਿਤ ਮੁੱਦੇ ਹਨ। ਇਹ ਪ੍ਰਸ਼ਨ ਬਹੁਤ ਮਹੱਤਵਪੂਰਨ ਹੈ ਕਿ ਖੇਤੀਬਾੜੀ ਸਮਾਜ ਅਤੇ ਢਾਂਚਾ ਕਿਸ ਤਰ੍ਹਾਂ ਦਾ ਹੋਣਾ ਚਾਹੀਦਾ ਹੈ ਤਾਂ ਕਿ ਇਹਨਾਂ ਉਦੇਸ਼ਾਂ ਦੀ ਪ੍ਰਾਪਤੀ ਕੀਤੀ ਜਾ ਸਕੇ। ਪਹਿਲੀ ਵਾਰੀ ਇੱਕ ਕਮੇਟੀ ਕਾਂਗਰਸ ਖੇਤੀਬਾੜੀ ਸੁਧਾਰ ਕਮੇਟੀ ਦੇਸ਼ ਵਿਚਲੇ ਖੇਤੀਬਾੜੀ ਸੰਬੰਧਾਂ ਦਾ ਨਿਰੀਖਣ ਕਰਨ ਲਈ ਅਤੇ ਭੂਮੀ ਸੁਧਾਰ ਨਾਲ ਸੰਬੰਧਿਤ ਅਹਿਮ ਮਸਲਿਆਂ ਲਈ ਵਿਸਤ੍ਰਿਤ ਸਿਫਾਰਿਸ਼ਾਂ ਕਰਨ ਲਈ ਬਣਾਈ ਗਈ। ਇਸ ਦੇ ਚੇਅਰਮੈਨ ਜੇ.ਸੀ. ਕੁਮਾਰੱਪਾ ਸਨ। ਇਸ ਕਮੇਟੀ ਨੇ ਆਪਣੀ ਰਿਪੋਰਟ 1949 ਦੇ ਮੱਧ ਵਿੱਚ ਦਿੱਤੀ। ਖੇਤੀਬਾੜੀ ਢਾਂਚੇ ਸੰਬੰਧੀ ਇਸ ਕਮੇਟੀ ਦੀਆਂ ਸਿਫਾਰਸ਼ਾਂ ਸਨ, "The main principles which should govern the agrarain policy of the country are (a) the agarain economy should provide an opportunity for the development of farmer's personality (b) there should be no scope for exploitation of one class by another (c) there should be maximum efficiency of production, and the scheme of reforms should be with in the realm of practicability."

### ਭਾਰਤ ਵਿੱਚ ਖੇਤੀਬਾੜੀ ਢਾਂਚੇ ਦੇ ਮੁੱਖ ਉਦੇਸ਼ ਇਹ ਹੋਣੇ ਚਾਹੀਦੇ ਹਨ :-

- ਖੇਤੀ ਢਾਂਚਾ ਇਸ ਤਰ੍ਹਾਂ ਦਾ ਹੋਣਾ ਚਾਹੀਦਾ ਹੈ ਕਿ ਇਹ ਕਿਸਾਨਾਂ ਨੂੰ ਪੈਦਾਵਾਰ ਵਧਾਉਣ ਅਤੇ ਖੇਤੀ ਦੇ ਵਿਕਾਸ ਲਈ ਪ੍ਰੋਤਸਾਹਿਤ ਕਰੇ।
- ਇਹ ਭੂਮੀ ਦੀ ਸੰਘਣੀ ਵਰਤੋਂ ਨੂੰ ਯਕੀਨੀ ਬਣਾਏ ਅਤੇ ਅਸੰਤੁਲਨ ਘਟਾਏ।
- ਇਹ ਕਾਸ਼ਤਕਾਰ ਨੂੰ ਹੀ ਜ਼ਮੀਨ ਦਾ ਮਾਲਕ ਬਣਾਈ ਰੱਖੇ ਤਾਂ ਕਿ ਉਸ ਨੂੰ ਫੈਸਲਿਆਂ ਲਈ ਦੂਜਿਆਂ ਤੇ ਨਿਰਭਰ ਨਾ ਹੋਣਾ ਪਵੇ। ਉਸ ਦੀ ਸੁਤੰਤਰਤਾ ਨੂੰ ਯਕੀਨੀ ਬਣਾਏ।
- ਸਮਾਨਵਾਦੀ ਅਤੇ ਖੁਸ਼ਹਾਲ ਸਮਾਜ ਦੀ ਸਥਾਪਨਾ ਵਿੱਚ ਮਦਦ ਕਰੇ।
- ਇਸ ਦਾ ਉਦੇਸ਼ ਨਾ ਕੇਵਲ ਖੇਤੀਬਾੜੀ ਉਤਪਾਦਨ ਅਤੇ ਉਤਪਾਦਕਤਾ ਨੂੰ ਵਧਾਉਣਾ ਚਾਹੀਦਾ ਹੈ ਸਗੋਂ ਧਨ ਅਤੇ ਆਮਦਨ ਦੀ ਵਧੇਰੇ ਸਮਾਨ ਵੰਡ ਰਾਹੀਂ ਆਰਥਿਕ, ਸਮਾਜਿਕ ਅਤੇ ਸਭਿਆਚਾਰਕ ਸੁਧਾਰ ਲਈ ਹਾਲਤਾਂ ਪੈਦਾ ਕਰਨਾ ਵੀ ਹੋਣਾ ਚਾਹੀਦਾ ਹੈ।

- ਇਸ ਨੂੰ ਸਮਾਜਿਕ ਇਕਸੁਰਤਾ ਅਤੇ ਰਾਜਨੀਤਕ ਸਥਿਰਤਾ ਬਣਾਈ ਰੱਖਣ ਲਈ ਸਮਾਜਿਕ ਨਿਆਂ ਰਾਹੀਂ ਵਿਕਾਸ ਵਿੱਚ ਵਾਧਾ ਲਿਆਉਣਾ ਚਾਹੀਦਾ ਹੈ।

ਆਓ ਹੁਣ ਦੇਖੀਏ ਕਿ ਕਿਹੜੀ ਖੇਤੀ ਪ੍ਰਣਾਲੀ ਭਾਰਤ ਵਿੱਚ ਜਿਥੇ ਕਿਸਾਨ ਲਈ ਕਾਸ਼ਤਕਾਰੀ ਇੱਕ ਵਪਾਰਕ ਮਸਲਾ ਹੀ ਨਹੀਂ ਸਗੋਂ ਜੀਵਨ ਦਾ ਇੱਕ ਢੰਗ ਵੀ ਹੈ—ਅਪਨਾਉਣੀ ਉਚਿੱਤ ਹੈ। ਇਹਨਾਂ ਪ੍ਰਣਾਲੀਆਂ ਦਾ ਵਾਰੀ ਸਿਰ ਮੁਲਾਂਕਣ ਕਰਕੇ ਦੇਖਦੇ ਹਾਂ :–

## 1. ਪੂੰਜੀਵਾਦੀ ਖੇਤੀ ਪ੍ਰਣਾਲੀ

ਜਿਸ ਤਰ੍ਹਾਂ ਕਿ ਪਹਿਲਾਂ ਦੱਸਿਆ ਗਿਆ ਹੈ ਕਿ ਪੂੰਜੀਵਾਦੀ ਖੇਤੀ ਪ੍ਰਣਾਲੀ ਵਿੱਚ ਭੂਮੀ ਵੱਡੇ-ਵੱਡੇ ਖੇਤਰਾਂ ਵਿੱਚ ਨਿਜੀ ਪੂੰਜੀਪਤੀਆਂ ਦੀ ਜਾਇਦਾਦ ਹੁੰਦੀ ਹੈ ਅਤੇ ਕਾਸ਼ਤਕਾਰ ਦਾ ਭੂਮੀ ਤੇ ਕੋਈ ਹੱਕ ਨਹੀਂ ਹੁੰਦਾ ਉਸ ਦਾ ਰੁਤਬਾ ਕੇਵਲ ਉਦਯੋਗਿਕ ਕਾਮੇ ਜਿਹਾ ਹੀ ਰਹਿ ਜਾਂਦਾ ਹੈ ਅਤੇ ਉਸ ਨੂੰ ਕਿਰਾਏ ਤੇ ਕੰਮ ਕਰਨਾ ਪੈਂਦਾ ਹੈ। ਪੂੰਜੀਪਤੀ ਦੇ ਸ਼ੋਸ਼ਣ ਦਾ ਸ਼ਿਕਾਰ ਬਣਨਾ ਪੈਂਦਾ ਹੈ। ਖੇਤਾਂ ਦਾ ਆਕਾਰ ਵੱਡਾ ਹੋਣ ਕਾਰਨ ਮਸ਼ੀਨਰੀ ਦੀ ਵਰਤੋਂ ਵੀ ਵਧੇਰੇ ਹੁੰਦੀ ਹੈ ਅਤੇ ਨਤੀਜੇ ਵਜੋਂ ਬੇਰੋਜਗਾਰੀ ਵੀ ਵੱਧਦੀ ਹੈ। ਭਾਰਤ ਵਿੱਚ ਜਿਥੇ ਕਿ land-man ratio ਨੀਵੀਂ ਹੈ ਇਸ ਪ੍ਰਣਾਲੀ ਨੂੰ ਆਮ ਢਾਂਚੇ ਵਜੋਂ ਅਪਨਾਇਆ ਨਹੀਂ ਜਾ ਸਕਦਾ। ਖੇਤੀਬਾੜੀ ਸੁਧਾਰ ਕਮੇਟੀ ਨੇ ਵੀ ਪੂੰਜੀਵਾਦੀ ਖੇਤੀ ਦੀ ਧਾਰਨਾ ਨੂੰ ਖੇਤੀਬਾੜੀ ਸਾਧਨਾਂ ਦੀ ਵਰਤੋਂ ਦੇ ਆਮ ਢੰਗ ਵਜੋਂ ਇਸ ਆਧਾਰ ਤੇ ਨਾ ਮਨਜੂਰ ਕੀਤਾ ਹੈ, ਇਹ ਕਿਸਾਨਾਂ ਨੂੰ ਉਹਨਾਂ ਦੇ ਜ਼ਮੀਨ ਤੇ ਹੱਕਾਂ ਨੂੰ ਵਾਂਝਿਆਂ ਕਰ ਦੇਵੇਗੀ। ਉਹਨਾਂ ਨੂੰ ਕੇਵਲ ਮਜ਼ਦੂਰੀ ਕਮਾਉਣ ਵਾਲਿਆਂ ਵਿੱਚ ਬਦਲ ਦੇਵੇਗੀ ਅਤੇ ਸਮਾਜ ਨੂੰ ਭੋਜਨ ਦੀ ਪੂਰਤੀ ਜਿਹੇ ਅਹਿਮ ਮਸਲਿਆਂ ਲਈ ਪੂੰਜੀਪਤੀਆਂ ਦੇ ਨਿਯੰਤਰਣ ਹੇਠ ਕਰ ਦੇਵੇਗੀ। The Agrarian Reform Committee rightly rejected the concept of capitalist farming as a general method of utilisation of agricultural resources, on the ground that, "It would deprive the agriculturists of their right in land, turn them into more wage earners and subject society to capitalist control on such a vital matters as supply of food. It would also create the problem of displaced personnel."

## 2. ਸਰਕਾਰੀ ਖੇਤੀ ਪ੍ਰਣਾਲੀ

ਇਹ ਪ੍ਰਣਾਲੀ ਵੀ ਬਣਾਏ ਗਏ ਨਿਯਮਾਂ ਤੇ ਖਰੀ ਨਹੀਂ ਉਤਰਦੀ। ਭਾਵੇਂ ਸਰਕਾਰੀ ਖੇਤੀ ਪ੍ਰਣਾਲੀ ਰਾਹੀਂ ਖੇਤੀਬਾੜੀ ਢਾਂਚਾ ਆਧੁਨਿਕੀਕਰਨ ਦਾ ਤਜਰਬਾ ਮਾਣ ਸਕਦਾ ਅਤੇ ਮੰਡੀ ਯੋਗ ਵਾਫਰ ਵਿੱਚ ਵਾਧਾ ਕੀਤਾ ਜਾ ਸਕਦਾ ਹੈ ਅਤੇ ਆਮਦਨ ਦੀ ਵੰਡ ਦਾ ਅਸਾਵਾਂਪਨ ਵੀ ਕੁੱਝ ਹੱਦ ਤੱਕ ਘਟਾਇਆ ਜਾ ਸਕਦਾ ਹੈ ਕਿਉਂਕਿ ਲਾਭ ਨਿਜੀ ਪੂੰਜੀਪਤੀਆਂ ਦੀ ਜੇਬ ਵਿੱਚ ਨਹੀਂ ਜਾਣਗੇ। ਇਹ ਤਾਂ ਸਗੋਂ ਸਰਕਾਰੀ ਆਮਦਨ ਵਿੱਚ ਵਾਧਾ ਕਰਨਗੇ ਅਤੇ ਸਰਕਾਰ ਇਸ ਦੀ ਵਰਤੋਂ ਗਰੀਬ ਤਬਕੇ ਦੇ ਲਾਭਾਂ ਲਈ ਕਰ ਸਕਦੀ ਹੈ।

ਪ੍ਰੰਤੂ ਵੱਡੀ ਗੱਲ ਇਹ ਹੈ ਕਿ ਸਰਕਾਰੀ ਖੇਤੀ ਬੇ-ਰੋਜ਼ਗਾਰੀ ਵਿੱਚ ਵਾਧਾ ਕਰੇਗੀ ਅਤੇ ਇਸ ਤੋਂ ਵੀ ਵੱਧ ਇਹ ਹੈ ਕਿ ਇਹ ਜਾਇਦਾਦ ਦੇ ਹੱਕ ਅਤੇ ਉੱਦਮ ਦੀ ਸੁਤੰਤਰਤਾ ਦੇ ਨਿਯਮ ਦੇ ਵਿਰੁੱਧ ਹੈ। ਕੁਮਾਰੱਪਾ ਕਮੇਟੀ ਨੇ ਵੀ ਇਸ ਪ੍ਰਣਾਲੀ ਨੂੰ ਭਾਰਤ ਲਈ ਠੀਕ ਨਹੀਂ ਸਮਝਿਆ ਅਤੇ ਸਿਫ਼ਾਰਿਸ਼ ਕੀਤੀ ਕਿ, "State farming of some limited degree may be necessary when waste lands are reclaimed and some agricultural labourers are settled thereon." ਸੋ ਅਸੀਂ ਵੀ ਇਹ ਵਿਚਾਰ ਰੱਖਦੇ ਹਾਂ ਸਰਕਾਰੀ ਖੇਤੀ ਕੇਵਲ ਸਮਾਜਵਾਦੀ ਦੇਸ਼ਾਂ ਜਾਂ ਪੂਰਨ ਸਮਾਜਵਾਦੀ ਦੇਸ਼ਾਂ ਵਿੱਚ ਹੀ ਅਪਨਾਈ ਜਾ ਸਕਦੀ ਹੈ।

## 3. ਸਮੂਹਿਕ ਖੇਤੀ ਪ੍ਰਣਾਲੀ

ਇਹ ਪ੍ਰਣਾਲੀ ਬਹੁਤ ਸਾਰੇ ਨਿਯਮਾਂ ਤੇ ਖਰੀ ਉਤਰਦੀ ਹੈ। ਇਹ ਖੇਤੀਬਾੜੀ ਦੇ ਆਧੁਨਿਕੀਕਰਨ ਵਧੇਰੇ ਮੰਡੀ ਯੋਗ ਵਾਫਰ ਪੈਦਾ ਕਰਨ, ਵਧੇਰੇ ਰੋਜ਼ਗਾਰ ਯਕੀਨੀ ਬਣਾਉਣ ਅਤੇ ਆਮਦਨ ਦੀ ਵੰਡ ਸਮਾਨ ਕਰਨ ਵਿੱਚ ਮਦਦ ਕਰਦੀ ਹੈ, ਪ੍ਰੰਤੂ ਇਸ ਵਿੱਚ ਸਰਕਾਰੀ ਖੇਤੀ ਵਾਲੇ ਹੀ ਦੋਸ਼ ਵੀ ਪਾਏ ਜਾਂਦੇ ਹਨ ਜਿਸ ਕਰਕੇ ਇਹ ਭਾਰਤੀ ਸਮਾਜ ਦੇ ਸਮਾਜੀ ਰਾਜਨੀਤਿਕ ਢਾਂਚੇ ਵਿੱਚ ਫਿੱਟ ਨਹੀਂ ਆਉਂਦੀ ਇਹ ਲੋਕਤਾਂਤਰਿਕ, ਖੁੱਲ੍ਹੀ ਅਰਥ-ਵਿਵਸਥਾ ਵਿਚਲੀ ਕਾਰਜਕ੍ਰਿਆ ਦੇ ਸਿਧਾਂਤਾਂ ਨੂੰ ਹਾਨੀ ਪਹੁੰਚਾਉਂਦੀ ਹੈ। ਸੋ ਇਸ ਨੂੰ ਭਾਰਤ ਵਿੱਚ ਆਮ ਢੰਗ ਵਜੋਂ ਨਹੀਂ ਅਪਨਾਇਆ ਜਾ ਸਕਦਾ। ਪ੍ਰੰਤੂ ਫਿਰ ਵੀ ਕੁਮਾਰੱਪਾ ਕਮੇਟੀ ਅਨੁਸਾਰ ਇਸ ਨੂੰ ਵਿਅਰਥ ਪਈ ਭੂਮੀ ਦੇ ਵਿਕਾਸ ਲਈ, ਜਿਸ ਤੇ ਗ਼ੈਰ ਭੂਮੀ ਕਿਰਤੀਆਂ ਨੂੰ ਕੰਮ ਤੇ ਲਗਾਇਆ ਜਾ ਸਕਦਾ ਹੈ, ਵਰਤੋਂ ਵਿੱਚ ਲਿਆਂਦਾ ਜਾ ਸਕਦਾ ਹੈ। (The Committee observed, "In a collective farm, of landless labourers on

reclaimed waste lands, neither would there be any suppression of individual freedom nor any loss of incentive of production.")

## 4. ਕਿਰਸਾਣੀ ਖੇਤੀ ਪ੍ਰਣਾਲੀ

ਭਾਰਤ ਵਿੱਚ ਪਹਿਲਾਂ ਪ੍ਰਚਲਿਤ ਰਾਇਤਵਾੜੀ ਸਿਸਟਮ ਕਿਰਸਾਣੀ ਖੇਤੀ ਪ੍ਰਣਾਲੀ ਵਰਗਾ ਹੀ ਸੀ ਪ੍ਰੰਤੂ ਵਿਚੋਲਿਆਂ ਦੇ ਵੱਧਣ ਨਾਲ ਇਹ ਵਿਗੜ ਕੇ ਪੱਟੇਦਾਰ ਖੇਤੀ ਬਣ ਗਿਆ। ਕਿਰਸਾਣੀ ਖੇਤੀ ਸਮਾਜਿਕ ਨਿਆਂ ਯਕੀਨੀ ਬਣਾਉਂਦੀ ਹੈ, ਇਸੇ ਲਈ ਇਸ ਨੂੰ ਭਾਰਤ ਵਿੱਚ ਸਮਾਜਿਕ ਸਵੀਕ੍ਰਿਤੀ ਮਿਲੀ ਹੋਈ ਹੈ। ਇਹ ਰੋਜ਼ਗਾਰ ਵਿੱਚ ਵੀ ਵਾਧਾ ਕਰਦੀ ਹੈ। ਪ੍ਰੰਤੂ ਇਸ ਪ੍ਰਣਾਲੀ ਅਧੀਨ ਖੇਤ ਦਾ ਛੋਟਾ ਆਕਾਰ ਖੇਤੀ ਦਾ ਆਧੁਨਿਕੀਕਰਨ ਕਰਨ ਵਿੱਚ ਰੁਕਾਵਟ ਬਣਦਾ ਹੈ। ਪੈਦਾਵਾਰ ਆਮ ਤੌਰ ਤੇ ਘਰੇਲੂ ਉਪਭੋਗ ਕਾਰਨ ਕੀਤੀ ਜਾਂਦੀ ਹੈ ਜਿਸ ਕਰਕੇ ਮੰਡੀ ਯੋਗ ਵਾਫਰ ਕਾਫ਼ੀ ਘੱਟ ਹੁੰਦਾ ਹੈ। ਇਸ ਦੇ ਬਾਵਜੂਦ ਕੁਮਾਰੱਪਾ ਕਮੇਟੀ ਨੇ ਕਿਰਸਾਣੀ ਖੇਤੀ ਵਿਵਸਥਾ ਨੂੰ ਭਾਰਤੀ ਖੇਤੀਬਾੜੀ ਸਮਾਜ ਦੇ ਸਮਾਜੀ ਆਰਥਿਕ ਢਾਂਚੇ ਲਈ, ਉਚਿਤ ਕਿਹਾ ਹੈ। ਇਸ ਦਾ ਵਿਚਾਰ ਸੀ ਕਾਸ਼ਤ ਦੀ ਉਚਿੱਤ ਇਕਾਈ ਤੇ ਭੂਮੀ ਤੇ ਮਲਕੀਅਤ ਦੀ ਸਕੀਮ ਕਾਰਨ ਇਹ ਪ੍ਰਣਾਲੀ ਬਹੁਤ ਉਚਿਤ ਹੈ। ਕਮੇਟੀ ਦਾ ਵਿਚਾਰ ਸੀ ਕਿ ਜੋਤ ਦਾ ਆਕਾਰ ਕੁੱਝ ਵੱਡਾ ਜ਼ਰੂਰ ਹੋਣਾ ਚਾਹੀਦਾ ਹੈ। ਬਹੁਤ ਛੋਟੇ ਖੇਤ ਲਈ ਸਹਿਕਾਰੀ ਸੰਯੁਕਤ ਖੇਤੀ ਹੀ ਵਧੇਰੇ ਉਚਿੱਤ ਹੋਵੇਗੀ। ਖੇਤੀਬਾੜੀ ਦੇ ਰਾਸ਼ਟਰੀ ਕਮਿਸ਼ਨ ਦਾ ਵੀ ਇਹੀ ਵਿਚਾਰ ਸੀ ਕਿ, "The agrarian structure should be based on peasant proprietorship strengthened and supplemented by Co-operative and joint farming enterprises and backed by the necessary supplies and services for optimum utilisation of land state assistance should be given on a preferential basis, to the small cultivators who get together for joint farming."

## 3. ਸਹਿਕਾਰਤਾ ਖੇਤੀ ਪ੍ਰਣਾਲੀ

ਸਹਿਕਾਰਤਾ ਸੰਯੁਕਤ ਖੇਤੀ ਪ੍ਰਣਾਲੀ ਲਗਭਗ ਸਾਰੇ ਉਦੇਸ਼ਾਂ ਨੂੰ ਪੂਰਾ ਕਰਨ ਵਿੱਚ ਖਰੀ ਉੱਤਰਦੀ ਹੈ, ਫਾਰਮ ਦਾ ਆਕਾਰ ਵੱਡਾ ਕਰਕੇ ਇਹ ਵੱਡੇ ਪੈਮਾਨੇ ਤੇ ਪੈਦਾਵਾਰ ਦੀਆਂ ਬੱਚਤਾਂ ਕਮਾਉਣ ਦੇ ਯੋਗ ਬਣਾਉਂਦੀ ਹੈ। ਭੂਮੀ ਦੇ ਕਿਸੇ ਵੀ ਮਾਲਕ ਨੂੰ ਭੂਮੀ ਦੀ ਮਲਕੀਅਤ ਤੋਂ ਵਾਂਝਿਆਂ ਨਹੀ ਕੀਤਾ ਜਾਂਦਾ ਅਤੇ ਫਾਰਮ ਦਾ ਆਕਾਰ ਵੀ ਵੱਡਾ ਹੀ ਬਣਿਆ ਰਹਿੰਦਾ ਹੈ। ਸਹਿਕਾਰਤਾ ਸੰਯੁਕਤ ਖੇਤੀ ਪ੍ਰਣਾਲੀ ਪੈਦਾਵਾਰ ਵਿੱਚ ਵਾਧਾ ਕਰਨ ਵਿੱਚ ਤਾਂ ਸਹਾਈ ਹੁੰਦਾ ਹੈ ਨਾਲ ਹੀ ਮੰਡੀ ਲਈ ਵੀ ਵਧੇਰੇ ਵਾਫਰ ਭੇਜਦੀ ਹੈ। ਇੱਕ ਇਕੱਲਾ ਵਿਅਕਤੀ ਜੋ ਫੈਸਲੇ, ਜੋ ਖਰਚ ਨਹੀਂ ਕਰ ਸਕਦਾ ਉਹ ਸਭ ਕਰਨ ਵਿੱਚ ਇਹ ਸੁਸਾਇਟੀ ਕਾਮਯਾਬ ਹੁੰਦੀ ਹੈ। ਇਥੋਂ ਤੱਕ ਕਿ ਮੈਂਬਰਾਂ ਨੂੰ ਮਿਹਨਤਾਨੇ ਦੀ ਵੰਡ ਵੀ ਕਾਫ਼ੀ ਉਚਿਤ ਹੁੰਦੀ ਹੈ। ਮੈਂਬਰਾਂ ਲਈ ਰੋਜ਼ਗਾਰ ਦੇ ਵਧੇਰੇ ਅਵਸਰ ਪੈਦਾ ਕੀਤੇ ਜਾਂਦੇ ਹਨ। ਸਾਡੇ ਲੋਕਾਂ ਨੂੰ ਵੀ ਸਹਿਕਾਰਤਾ ਖੇਤੀ ਸਮਾਜਿਕ ਤੌਰ ਤੇ ਮਨਜ਼ੂਰ ਹੈ।

ਸਹਿਕਾਰਤਾ ਖੇਤੀ ਪ੍ਰਣਾਲੀ ਦੀਆਂ ਬਾਕੀ ਕਿਸਮਾਂ ਜਿਵੇਂ ਸਹਿਕਾਰਤਾ ਬਿਹਤਰ ਖੇਤੀ, ਸਹਿਕਾਰੀ ਸਮੂਹਿਕ ਖੇਤੀ ਅਤੇ ਸਹਿਕਾਰੀ ਪੱਟੇਦਾਰ ਖੇਤੀ ਸਾਡੇ ਸਮਾਜ ਵਿੱਚ ਪੂਰੀ ਤਰ੍ਹਾਂ ਲਾਗੂ ਨਹੀ ਕੀਤੀਆਂ ਜਾ ਸਕਦੀਆਂ। ਉਦਾਹਰਨ ਵਜੋਂ ਸਹਿਕਾਰਤਾ ਬਿਹਤਰ ਖੇਤੀ ਕੋਈ ਸਥਾਈ ਪ੍ਰਣਾਲੀ ਨਹੀਂ ਸੀ ਇਸ ਸੁਸਾਇਟੀ ਵਿੱਚੋਂ ਕੋਈ ਵੀ ਮੈਂਬਰ ਕਿਸੇ ਵੀ ਸਮੇਂ ਆਪਣੀ ਮੈਂਬਰਸ਼ਿਪ ਖ਼ਤਮ ਕਰ ਸਕਦਾ ਹੈ, ਇਸ ਦੇ ਨਾਲ ਹੀ ਸੁਸਾਇਟੀ ਫਾਰਮ ਦੇ ਆਕਾਰ ਵਿੱਚ ਵੀ ਵਾਧਾ ਨਹੀਂ ਕਰਦੀ। ਇਹ ਮੈਂਬਰਾਂ ਲਈ ਰੋਜ਼ਗਾਰ ਦੇ ਵਾਧੂ ਅਵਸਰ ਵੀ ਪੈਦਾ ਕਰਨ ਵਿੱਚ ਕੋਈ ਮਦਦ ਨਹੀਂ ਕਰਦੀ। ਸਹਿਕਾਰੀ ਸਮੂਹਿਕ ਖੇਤੀ ਵੀ ਸਾਡੇ ਦੇਸ਼ ਦੇ ਸਮਾਜਿਕ-ਰਾਜਨੀਤਿਕ ਢਾਂਚੇ ਵਿੱਚ ਚੰਗੀ ਤਰ੍ਹਾਂ ਫਿਟ ਨਹੀਂ ਬੈਠਦੀ। ਇਹ ਕੇਵਲ ਸਮਾਜਵਾਦੀ ਦੇਸ਼ਾਂ ਵਿੱਚ ਸਹੀ ਰਹਿੰਦੀ ਹੈ। ਸਹਿਕਾਰੀ ਪੱਟੇਦਾਰੀ ਖੇਤੀ ਵੀ ਫਾਰਮ ਦਾ ਆਕਾਰ ਛੋਟਾ ਹੀ ਰੱਖਦੀ ਹੈ। ਇਹ ਕੇਵਲ ਉਦੋਂ ਹੀ ਉਚਿਤ ਹੈ ਜਦੋਂ ਮੈਂਬਰ ਗ਼ੈਰ ਭੂਮੀ ਕਿਰਤੀ ਹੋਣ। ਇਸੇ ਕਰਕੇ ਸਹਿਕਾਰਤਾ ਖੇਤੀ ਵਿੱਚੋਂ ਵੀ ਕਾਂਗਰਸ ਖੇਤੀਬਾੜੀ ਸੁਧਾਰ ਕਮੇਟੀ (Kumarapa) ਕਮੇਟੀ 1949, ਭਾਰਤੀ ਡੈਲੀਗੇਸ਼ਨ ਟੂ ਚੀਨ ਅਤੇ ਜਪਾਨ (1954) ਮੰਡੀ ਖੇਤੀਬਾੜੀ ਤੇ ਰਾਸ਼ਟਰੀ ਕਮਿਸ਼ਨ, ਨੇ ਸਹਿਕਾਰਤਾ ਸੰਯੁਕਤ ਖੇਤੀ ਦੀ ਭਾਰਤੀ ਸਮਾਜਿਕ ਰਾਜਨੀਤਿਕ ਢਾਂਚੇ ਲਈ ਸਿਫਾਰਿਸ਼ ਕੀਤੀ।

ਭਾਰਤ ਵਿੱਚ ਪਹਿਲੀ ਯੋਜਨਾ ਵਿੱਚ ਛੋਟੇ ਅਤੇ ਮੱਧਮ ਕਿਸਾਨਾਂ ਲਈ ਵੱਡੇ ਫਾਰਮਾਂ ਦੀ ਸਹੂਲਤ ਜੋ ਕਿ ਵੱਡੇ ਪੈਮਾਨੇ ਤੇ ਵਿਗਿਆਨਕ ਜਾਣਕਾਰੀ ਅਤੇ ਵਰਤੋਂ, ਪੂੰਜੀ ਨਿਵੇਸ਼ ਵਿੱਚ ਵਾਧਾ ਅਤੇ ਭੂਮੀ ਦੀ ਉਪਜਾਊ ਸ਼ਕਤੀ ਵਿੱਚ ਵਾਧਾ ਲਿਆ ਸਕੇ ਮੁਹੱਈਆ ਕਰਨ ਲਈ ਸਹਿਕਾਰੀ ਖੇਤੀ ਨੂੰ ਵਧੀਆ ਢੰਗ ਮੰਨਿਆ ਗਿਆ। ਪਹਿਲੀ ਪੰਜ ਸਾਲਾ ਯੋਜਨਾ ਦੇ ਅੰਤ ਤੱਕ 1400 ਸਹਿਕਾਰਤਾ ਖੇਤੀ ਸੰਸਥਾਵਾਂ ਬਣ ਚੁੱਕੀਆਂ ਸਨ। ਸਰਕਾਰ ਵਲੋਂ ਦੂਜੀ ਯੋਜਨਾ ਦੌਰਾਨ ਕਾਫ਼ੀ ਅਜਿਹੇ ਪ੍ਰੋਗਰਾਮ ਉਲੀਕੇ ਗਏ ਜਿਨਾਂ ਰਾਹੀ ਦੇਸ਼ ਵਿੱਚ ਸਹਿਕਾਰੀ ਖੇਤੀ ਬਨਾਉਣ ਲਈ ਇਛੁੱਕ ਕਿਸਾਨਾਂ ਜਾਂ ਸੁਸਾਇਟੀਆਂ ਨੂੰ ਵਿੱਤੀ, ਤਕਨੀਕੀ ਅਤੇ ਹੋਰ ਸਹੂਲਤਾਂ ਦਿੱਤੀਆਂ ਜਾ ਸਕਣ।

ਦੂਜੀ ਪੰਜ ਸਾਲਾ ਯੋਜਨਾ ਦੇ ਅੰਤ ਤੱਕ 55,011 ਸਹਿਕਾਰੀ ਖੇਤੀ ਸੁਸਾਇਟੀਆਂ ਬਣ ਚੁੱਕੀਆਂ ਸਨ। ਤੀਜੀ ਯੋਜਨਾ ਦੌਰਾਨ 2,749 ਸਹਿਕਾਰਤਾ ਖੇਤੀ ਸੁਸਾਇਟੀਆਂ ਬਣੀਆਂ। 1974 ਵਿੱਚ ਭਾਰਤ ਵਿੱਚ ਕੇਵਲ 4,985 ਜੁਆਇੰਟ ਫਾਰਮਿੰਗ ਸੁਸਾਇਟੀਆਂ ਸਨ। ਇਨ੍ਹਾਂ ਵਿਚੋਂ ਕਾਫ਼ੀ ਸੁਸਾਇਟੀਆਂ ਵੱਡੇ ਜ਼ਿੰਮੀਦਾਰਾਂ ਵੱਲੋਂ ਹੱਦਬੰਦੀ ਦੇ ਨਿਯਮਾਂ ਤੋਂ ਬਚਣ ਲਈ ਬਣਾਈਆਂ ਗਈਆਂ ਸਨ। ਕਈਆਂ ਵਲੋਂ ਆਦਾਨ ਸਬਸਿਡੀ ਵਰਗੀਆਂ ਛੋਟਾਂ ਪ੍ਰਾਪਤ ਕਰਨ ਲਈ ਬਣਾਈਆਂ ਗਈਆਂ ਸਨ। ਡੈਨੀਅਲ ਥੋਰਨਰ ਦੇ ਅਨੁਸਾਰ ਕੇਂਦਰ ਅਤੇ ਰਾਜਾਂ ਵਿੱਚ ਅਢੁੱਕਵਾਂ ਸ਼ਾਸਨ ਪ੍ਰਬੰਧ ਇਸ ਦੀ ਨਿਰਾਸ਼ਾਜਨਕ ਤਰੱਕੀ ਲਈ ਜ਼ਿੰਮੇਵਾਰ ਹੈ। ਦੂਜੇ ਪਾਸੇ ਬਰਹਾਸਨ ਅਨੁਸਾਰ ਅਸਮਾਨਤਾ, ਭੂ ਮਾਲਕੀ ਦੀ ਦੋ ਟੁੱਕੀ ਵੰਡ, ਜਾਤ ਪ੍ਰਥਾ, ਅਨਪੜ੍ਹਤਾ ਅਤੇ ਗਰੀਬੀ ਸਹਿਕਾਰਤਾ ਦੀ ਰੁਚੀ ਨੂੰ ਵਿਕਸਤ ਤਾਂ ਕੀ ਪੈਦਾ ਹੀ ਨਹੀਂ ਹੋਣ ਦਿੰਦੀਆਂ। ਓਟੋ ਮਾਇਲਰ ਅਰਥ ਸ਼ਾਸਤਰੀ ਅਨੁਸਾਰ ਪੁਰਾਣੀਆਂ ਬਸਤੀਆਂ (old settlements) ਵਿੱਚ ਜਿਥੇ ਮੈਂਬਰਾਂ ਦਾ ਇੱਕ ਦੂਜੇ ਪ੍ਰਤੀ ਸਖ਼ਤ ਰਵੱਈਆ ਹੋਵੇ, ਜਿੱਥੇ ਇੱਕ ਦੂਜੇ ਪ੍ਰਤੀ ਪਸੰਦ, ਨਾ-ਪਸੰਦ ਵਿਕਸਿਤ ਹੋ ਚੁੱਕੀ ਹੋਵੇ ਉਥੇ ਸਹਿਕਾਰਤਾ ਦੀਆਂ ਰੁਚੀਆਂ ਵਿੱਚ ਤਹਿ ਦਿਲੋਂ ਵਿਕਸਿਤ ਹੋਣੀਆਂ ਔਖੀਆਂ ਹੁੰਦੀਆਂ ਹਨ। ਨਵੀਆਂ ਬਸਤੀਆਂ/ਬੰਦੋਬਸਤਾਂ (New Settlements) ਵਿੱਚ ਸਮਾਜਿਕ ਰਿਸ਼ਤਿਆਂ ਨੂੰ ਲੋੜੀਂਦੀ ਦਿਸ਼ਾ ਮੁਤਾਬਿਕ ਢਾਲਿਆ ਜਾ ਸਕਦਾ ਹੈ। ਇਸ ਲਈ ਓਟੋ ਮਾਇਲਰ ਦਾ ਸੁਝਾਅ ਹੈ ਕਿ ਪੁਰਾਣੀਆਂ ਬਸਤੀਆਂ ਵਿੱਚ ਸਹਿਕਾਰਤਾ ਸੇਵਾਵਾਂ ਸੁਸਾਇਟੀਆਂ ਵਧੇਰੇ ਲਾਹੇਵੰਦ ਹੋਣਗੀਆਂ। ਇਹ ਸੁਸਾਇਟੀਆਂ ਮੈਂਬਰ ਕਾਸ਼ਤਕਾਰਾਂ ਲਈ ਆਦਾਨ ਦੀ ਖਰੀਦ ਅਤੇ ਪੂਰਤੀ ਅਤੇ ਫ਼ਸਲਾਂ ਲਈ ਮੰਡੀ ਸਹੂਲਤਾਂ ਇਤਿਆਦਿ ਸੁਖਾਲਾ ਬਣਾ ਦੇਣਗੀਆਂ।

ਪਾਠ ਨੰ: 2.2 ਲੇਖਕ : ਡਾ. ਰਾਕੇਸ਼ ਕੁਮਾਰ

## ਉਤਪਾਦਨ ਫਲਨ : ਖੇਤੀ ਉਤਪਾਦਨ ਵਿਚ ਆਦਾਨ ਉਤਪਾਦਨ, ਆਦਾਨ-ਆਦਾਨ, ਅਤੇ ਉਤਪਾਦ-ਉਤਪਾਦ ਸੰਬੰਧ

ਆਰਥਿਕ ਸਿਧਾਂਤ ਵਿੱਚ ਆਰਥਿਕਤਾ ਦੀ ਹਰ ਇਕਾਈ (Unit) (ਉਪਭੋਗੀ, ਉਤਪਾਦਕ, ਸਰਕਾਰ ਆਦਿ) ਸਿਆਣਪਤਾ (rationality) ਦੇ ਆਧਾਰ ਤੇ ਕੰਮ ਕਰਦੇ ਹਨ, ਭਾਵ ਦਿੱਤੇ ਹੋਏ ਸਾਧਨਾਂ ਅਤੇ ਉੱਚਿਤ ਸੂਚਨਾ (Sufficient information) ਰਾਹੀਂ ਉਹ ਆਪਣੀ ਸੰਤੁਸ਼ਟੀ ਨੂੰ ਵੱਧ ਤੋਂ ਵੱਧ ਕਰਨ ਦੀ ਕੋਸ਼ਿਸ਼ ਕਰਦੇ ਹਨ। ਮੰਡੀ ਅਰਥ ਵਿਵਸਥਾ (market economy) ਵਿੱਚ ਹਰ ਉਤਪਾਦਕ ਆਪਣੇ ਉਤਪਾਦਨ ਵਿਚ ਬਦਲੀ ਕਰਦਾ ਰਹਿੰਦਾ ਹੈ ਤਾਂ ਕਿ ਉਹ ਵੱਧ ਲਾਭ ਕਮਾ ਸਕੇ।

ਉਤਪਾਦਨ ਮੰਡੀ ਦੇ ਪੂਰਤੀ ਪੱਖ ਨਾਲ ਸੰਬੰਧ ਰੱਖਦਾ ਹੈ। ਉਤਪਾਦਨ ਪ੍ਰਕ੍ਰਿਆ ਵਿਚ ਆਦਾਨਾ (inputs) ਨੂੰ ਉਤਪਾਦਨ (output) ਦੀ ਸ਼ਕਲ ਦਿੱਤੀ ਜਾਂਦੀ ਹੈ। ਬੀਜ਼, ਖਾਦ, ਕਿਰਤ, ਭੂਮੀ, ਔਜ਼ਾਰ ਆਦਿ ਲਗਾਉਣ ਨਾਲ ਕਣਕ ਦਾ ਉਤਪਾਦਨ, ਇਸ ਦੀ ਇੱਕ ਉਦਾਹਰਣ ਹੈ। ਉਤਪਾਦ ਵਿਸ਼ਲੇਸ਼ਣ (Production analysis) ਵਿੱਚ ਅਸੀਂ ਘੱਟ ਤੋਂ ਘੱਟ ਲਾਗਤ ਦੇ ਸਾਧਨਾਂ ਦਾ ਜੋੜ (Least cost combination of factor inputs), ਸਾਧਨ ਉਤਪਾਦਕਤਾ ਅਤੇ ਪ੍ਰਤੀਫਲ ਆਦਿ ਬਾਰੇ ਅਧਿਐਨ ਕਰਦੇ ਹਾਂ। ਉਤਪਾਦਕ ਨੂੰ ਤਿੰਨ ਮੁੱਖ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ : ਕੀ ਪੈਦਾ ਕੀਤਾ ਜਾਵੇ (what to produce), ਕਿਵੇਂ ਪੈਦਾ ਕੀਤਾ ਜਾਵੇ (how to produce) ਅਤੇ ਸਾਧਨਾਂ ਨੂੰ ਉਤਪਾਦਨ ਲਈ ਕਿਵੇਂ ਵਰਤਿਆ ਜਾਵੇ (how to use resources for production), ਇਹ ਸਾਧਨਾਂ ਦੀ ਵੰਡ ਦੇ ਸਿਧਾਂਤ ਦੀ ਵਿਵੇਚਨਾ ਹੀ ਇਸ ਪਾਠ ਦਾ ਵਿਸ਼ਾ ਵਸਤੂ ਹੈ। ਉਤਪਾਦਨ ਫਲਨ ਆਦਾਨਾਂ ਅਤੇ ਉਤਪਾਦਨ ਵਿੱਚ ਤਕਨੀਕੀ ਸੰਬੰਧ ਨੂੰ ਦਰਸਾਉਂਦਾ ਹੈ। ਉਦਾਹਰਣ ਦੇ ਤੌਰ ਤੇ ਭੂਮੀ ਖਾਦਾਂ, ਸਿੰਚਾਈ, ਬੀਜ, ਕਿਰਤ ਅਤੇ ਪੂੰਜੀ ਆਦਿ ਦੇ ਜੋੜ ਨਾਲ ਕਣਕ ਦਾ ਉਤਪਾਦਨ ਹੁੰਦਾ ਹੈ। ਇਨ੍ਹਾਂ ਆਦਾਨਾਂ ਵਿਚੋਂ ਕੁਝ ਦੀ ਪੂਰਤੀ ਸਥਿਰ ਮਾਤਰਾ ਵਿਚ ਹੁੰਦੀ ਹੈ, ਜਿਵੇਂ ਭੂਮੀ, ਪੂੰਜੀ ਦੀ ਉਪਲਬਧ ਮਾਤਰਾ ਆਦਿ, ਜਦੋਂ ਕਿ ਦੂਜੇ ਕਈ ਆਦਾਨ (inputs) ਬਦਲੇ ਜਾ ਸਕਦੇ ਹਨ ਜਿਸ ਕਾਰਣ ਉਤਪਾਦਨ ਦੀ ਮਾਤਰਾ ਵੀ ਬਦਲਦੀ ਹੈ।

ਭਾਵੇਂ ਇੱਕ ਕਿਸਾਨ ਉਤਪਾਦਨ ਫਲਨ ਨੂੰ ਬਦਲ ਨਹੀਂ ਸਕਦਾ, ਉਹ ਕੇਵਲ ਉਪਲੱਬਧ ਫਲਨਾਂ ਵਿਚੋਂ ਚੋਣ ਕਰ ਸਕਦਾ ਹੈ। ਉਤਪਾਦਕ ਨੂੰ ਉਸ ਫਲਨ ਦੀ ਚੋਣ ਕਰਨੀ ਚਾਹੀਦੀ ਹੈ, ਜਿਸ ਤੇ ਉਸ ਦੀ ਲਾਗਤ ਘੱਟ ਤੋਂ ਘੱਟ ਆਵੇ ਅਤੇ ਉਤਪਾਦਨ ਵੱਧ ਤੋਂ ਵੱਧ ਹੋਵੇ, ਅਤੇ ਉਹ ਵੱਧ ਤੋਂ ਵੱਧ ਲਾਭ ਕਮਾ ਸਕੇ। ਤਕਨਾਲੋਜੀ ਵੀ ਉਤਪਾਦਨ ਵਾਧੇ ਵਿੱਚ ਯੋਗਦਾਨ ਪਾਉਂਦੀ ਹੈ ਕਿਉਂਕਿ ਤਕਨਾਲੋਜੀ ਦੇ ਪੱਧਰ ਤੇ ਹੀ ਕਈ ਆਦਾਨਾਂ ਦੀ ਉਤਪਾਦਕਤਾ (Productivity) ਨਿਰਭਰ ਕਰਦੀ ਹੈ। ਇਸੇ ਤਰ੍ਹਾਂ ਖੇਤੀ ਵਿਚ ਵੀ ਕਿਸਾਨਾਂ ਨੂੰ ਅਜਿਹੇ ਉਤਪਾਦਨ ਫਲਣ ਦੀ ਚੋਣ ਕਰਨੀ ਚਾਹੀਦੀ ਹੈ (ਤਕਨਾਲੋਜੀ ਦਾ ਪੱਧਰ ਦਿੱਤਾ ਹੋਣ ਤੇ) ਜਿਸ ਨਾਲ ਉਹ ਦਿੱਤੇ ਹੋਏ ਸਾਧਨਾਂ (Factors) ਤੋਂ ਵੱਧ ਤੋਂ ਵੱਧ ਲਾਭ ਪ੍ਰਾਪਤ ਕਰ ਸਕਣ।

ਮੰਨ ਲਓ 'y' ਵਸਤਾਂ ਅਤੇ ਸੇਵਾਵਾਂ ਦਾ ਉਤਪਾਦਨ ਹੈ ਅਤੇ 'x' ਸਾਧਨਾਂ ਨੂੰ ਦਰਸਾਉਂਦਾ ਹੈ, ਤਾਂ ਗਣਿਤਕ ਰੂਪ ਵਿੱਚ ਅਸੀਂ ਉਤਪਾਦਨ ਫਲਨ ਨੂੰ ਹੇਠ ਲਿਖੇ ਅਨੁਸਾਰ ਲਿਖ ਸਕਦੇ ਹਾਂ :

$y = f(x)$

ਇਸ ਨੂੰ ਇਸ ਤਰ੍ਹਾਂ ਪੜ੍ਹਿਆ ਜਾਂਦਾ ਹੈ : 'y' (ਉਤਪਾਦਨ) 'x' (ਆਦਾਨਾਂ) ਦਾ ਫਲਨ ਹੈ। x ਦੇ ਕਈ ਭਾਗ $x_1, x_2, \ldots\ldots x_n$ ਆਦਿ ਦੇ ਰੂਪ ਵਿਚ ਹਨ। ਉਤਪਾਦਨ ਨੂੰ ਕੁਲ ਭੌਤਿਕ ਉਤਪਾਦ

(Total physical product) ਦੇ ਰੂਪ ਵਿਚ ਮਾਪਿਆ ਜਾਂਦਾ ਹੈ। ਕੁੱਲ ਭੌਤਿਕ ਉਤਪਾਦ, ਅਦਾਨਾਂ ਵਿਚ ਬਦਲੀ ਨਾਲ ਬਦਲਦਾ ਰਹਿੰਦਾ ਹੈ। ਇਸ ਨੂੰ ਅਸੀਂ ਇਕ ਟੇਬਲ ਰਾਹੀਂ ਦਰਸਾਉਂਦੇ ਹਾਂ :

ਸਾਰਣੀ-1, ਉਤਪਾਦਨ ਫਲਨ $y = f(x_1/x_2, x_3, x_4 \ldots\ldots\ldots x_n)$

| $X_1$ ਦੀਆਂ ਇਕਾਈਆ | Total Product Physical (Y) |
|---|---|
| 0 | 0 |
| 1 | 3 |
| 2 | 8 |
| 3 | 11 |
| 4 | 12 |
| 5 | 11 |

ਇਸ ਸਾਰਣੀ ਨੂੰ ਅਸੀਂ ਇਕ ਰੇਖਾ ਚਿੱਤਰ ਰਾਹੀਂ ਦਰਸਾਉਂਦੇ ਹਾਂ ਅਤੇ ਦੇਖਦੇ ਹਾਂ ਕਿ $x_1$ ਆਦਾਨ ਦੇ ਵੱਧਣ ਨਾਲ ਉਤਪਾਦਨ ਭੌਤਿਕ ਰੂਪ ਵਿਚ ਕਿਵੇਂ ਬਦਲਦਾ ਹੈ।





**Fig. 1**

ਉੱਪਰ ਦਿੱਤੇ ਰੇਖਾ ਚਿੱਤਰ ਅਤੇ ਸਾਰਣੀ ਵਿੱਚ ਅਸੀਂ ਸਿਰਫ ਇਹ ਦੇਖਿਆ ਕਿ ਇਕ ਫਰਮ ਇਕ ਉਤਪਾਦਨ ਲਈ ਕੇਵਲ ਇੱਕ ਬਦਲੀਯੋਗ ਆਦਾਨ ਦੀ ਵਰਤੋਂ ਕਰਦੀ ਹੈ, ਅਤੇ ਬਾਕੀ ਦੇ ਸਾਰੇ ਆਦਾਨ ਸਥਿਰ ਰਹਿੰਦੇ ਹਨ, ਜਿਸ ਨੂੰ ਉਤਪਾਦਨ ਫਲਨ ਦੇ ਰੂਪ ਵਿੱਚ ਅਸੀਂ ਇਸ ਤਰ੍ਹਾਂ ਦਰਸਾਉਂਦੇ ਹਾਂ

$y = f(x_1, /x_2, x_3, \ldots\ldots\ldots\ldots, x_n)$

ਇਥੇ $x_1$ ਇਕ ਬਦਲੀਯੋਗ ਆਦਾਨ ਹੈ ਅਤੇ $(x_2, x_3, \ldots\ldots\ldots, x_n)$ ਸਥਿਰ ਹਨ। ਲਗਾਤਾਰ ਅਧਿਐਨ ਤੋਂ ਬਾਅਦ ਆਦਾਨਾਂ ਅਤੇ ਉਤਪਾਦਨ ਵਿੱਚ ਇੱਕ ਤਰ੍ਹਾਂ ਦੇ ਸੰਬੰਧ ਦਾ ਪਤਾ ਲਗਦਾ ਹੈ। ਜਦੋਂ $x_1$ ਵਿੱਚ ਬਦਲੀ ਕੀਤੀ ਜਾਂਦੀ ਹੈ ਅਤੇ ਬਾਕੀ ਦੇ ਸਾਧਨ ਸਥਿਰ ਰਹਿੰਦੇ ਹਨ ਤਾਂ $x_1$ ਦੇ ਵੱਧਣ ਨਾਲ

ਪਹਿਲਾਂ ਉਤਪਾਦਨ ਦਰ ਤੇਜ਼ੀ ਨਾਲ ਵੱਧਦਾ ਹੈ, ਫਿਰ ਇਸ ਦੇ ਵੱਧਣ ਦੀ ਦਰ ਘੱਟ ਜਾਂਦੀ ਹੈ ਅਤੇ ਅੰਤ ਵਿੱਚ ਇਹ ਦਰ ਤੇਜ਼ੀ ਨਾਲ ਘੱਟਣੀ ਸ਼ੁਰੂ ਹੋ ਜਾਂਦੀ ਹੈ। ਇਸ ਬਾਰੇ ਅਸੀਂ ਵਿਸਥਾਰ ਪੂਰਵਕ ਵਰਨਣ ਕਰਦੇ ਹਾਂ :

**Diminishing Returns** (ਘਟਦੇ ਪ੍ਰਤੀਫਲ)

ਜੇਕਰ ਘੱਟਦੇ ਪ੍ਰਤੀਫ਼ਲ ਦਾ ਨਿਯਮ ਨਾ ਹੋਵੇ ਤਾਂ ਇੱਕ ਏਕੜ ਭੂਮੀ ਤੋਂ ਪ੍ਰਾਪਤ ਹੋਣ ਵਾਲੇ ਕਣਕ ਦੇ ਉਤਪਾਦਨ ਦੀ ਉਪਰਲੀ ਸੀਮਾਂ ਕੋਈ ਨਾ ਹੁੰਦੀ ਅਤੇ ਦੇਸ਼ ਦੀ ਕਣਕ ਦੀ ਲੋੜ ਉਸੇ ਏਕੜ ਉਪਰ ਹੋਰ ਆਦਾਨ ਲਗਾ ਕੇ ਪੂਰੀ ਕੀਤੀ ਜਾਂਦੀ ਹੈ ਪਰ ਅਜਿਹਾ ਨਹੀਂ ਹੁੰਦਾ। ਜਦੋਂ ਇਸ ਤਰ੍ਹਾਂ ਹੋਰ ਜ਼ਿਆਦਾ ਆਦਾਨਾਂ ਦੀ ਵਰਤੋਂ ਕੀਤੀ ਜਾਂਦੀ ਹੈ ਤਾਂ ਇੱਕ ਸੀਮਾ ਤੋਂ ਬਾਅਦ ਉਤਪਾਦਨ ਦੀ ਵਾਧੇ ਦੀ ਦਰ ਘਟਣਾ ਸ਼ੁਰੂ ਕਰ ਦਿੰਦੀ ਹੈ।

ਜਦੋਂ ਦਿੱਤੇ ਹੋਏ ਸਥਿਰ ਸਾਧਨਾਂ ਉਪਰ ਬਦਲੀ-ਯੋਗ ਸਾਧਨਾਂ ਦੀਆਂ ਹੋਰ ਜ਼ਿਆਦਾ ਇਕਾਈਆਂ ਲਗਾਈਆਂ ਜਾਂਦੀਆਂ ਹਨ ਤਾਂ ਇਕ ਸੀਮਾ ਤੋਂ ਬਾਅਦ ਸੀਮਾਂਤ ਉਤਪਾਦਨ (Marginal production) ਘੱਟਣਾ ਸ਼ੁਰੂ ਕਰ ਦਿੰਦਾ ਹੈ।

ਸਾਰਣੀ-2, ਘੱਟਦੇ ਪ੍ਰਤੀਫ਼ਲ

| ਬਦਲੀ-ਯੋਗ ਸਾਧਨ $x_1$ | ਸਥਿਰ ਸਾਧਨ $x_2$ ….. $x_n$ | TPP ਵਿਚ ਵਾਧਾ $y$ | (ਸੀਮਾਂਤ ਉਤਪਾਦਨ) $MPP = \Delta y/\Delta x_1$ | APP ($x_1$ ਦਾ ਪ੍ਰਤੀ ਇਕਾਈ ਉਤਪਾਦਨ) $App = y/x_1$ |
|---|---|---|---|---|
| 0 | 1 | 0 | — | — |
| 1 | 1 | 3 | 3 - 0 = 3 | 3/1 = 3 |
| 2 | 1 | 8 | 8 - 3 = 5 | 8/2 = 4 |
| 3 | 1 | 11 | 11 - 8 = 3 | 11/3 = 3.67 |
| 4 | 1 | 12 | 12 - 11 = 1 | 12/4 = 3 |
| 5 | 1 | 10 | 10 - 12 = -2 | 10/5 = 2 |

ਇਸ ਸਾਰਣੀ ਵਿੱਚ ਮੰਨ ਲਓ ਕਿ $x_1$, ਨਾਈਟ੍ਰੋਜਨ ਖਾਦ ਦੀ ਮਾਤਰਾ ਹੈ ਅਤੇ ($x_2$, ……, $x_n$) ਹੋਰ ਸਾਧਨ ਹਨ ਜੋ ਸਥਿਰ ਰਹਿੰਦੇ ਹਨ। 'y' ਵਾਲਾ ਕਾਲਮ ਸਾਨੂੰ ਇਹ ਦੱਸਦਾ ਹੈ ਕਿ ਪਹਿਲਾ ਅਤੇ ਦੂਜਾ ਨਾਈਟ੍ਰੋਜਨ ਦੀ ਮਾਤਰਾ ਦਾ ਪੈਮਾਨਾ ਲਗਾਉਣ ਨਾਲ ਉਤਪਾਦਨ 0 ਤੋਂ 3 ਅਤੇ 3 ਤੋਂ 8 ਹੋ ਜਾਂਦਾ ਹੈ। ਜਦੋਂ ਕਿ ਤੀਸਰੀ ਇਕਾਈ ਲਗਾਉਣ ਨਾਲ ਇਹ ਕੇਵਲ 11 ਤੱਕ ਹੀ ਪਹੁੰਚਦਾ ਹੈ, ਅਤੇ ਕੁੱਲ ਉਤਪਾਦਨ ਵਿੱਚ ਵਾਧਾ, ਪਿਛਲੀ ਇਕਾਈ ਰਾਹੀਂ ਹੋਣ ਵਾਲੇ ਵਾਧੇ ਨਾਲੋਂ ਘੱਟ ਹੈ। MPP ਕਾਲਮ, ਬਦਲੀਯੋਗ ਇਕਾਈ ਦੇ ਹਰ ਪੱਧਰ ਤੇ ਕੁੱਲ ਭੌਤਿਕ ਉਤਪਾਦ (TPP) ਵਿੱਚ ਹੋਣ ਵਾਲੇ ਵਾਧੇ ਬਾਰੇ ਦੱਸਦਾ ਹੈ। ਇਸ ਕਾਲਮ ਉਪਰ ਨਜ਼ਰ ਮਾਰਨ ਤੇ ਪਤਾ ਲੱਗਦਾ ਹੈ ਕਿ ਇੱਕ ਪੱਧਰ ਤੋਂ ਬਾਅਦ ਨਾਈਟ੍ਰੋਜਨ ਦੀ ਹੋਰ ਮਾਤਰਾ ਦੀ ਵਰਤੋਂ ਕਰਨਾ ਖਤਰਨਾਕ ਹੈ।





Fig. 2

ਸਾਰਣੀ-2 ਵਾਲੀ ਸੂਚਨਾ (information) ਨੂੰ ਰੇਖਾ ਚਿੱਤਰ ਰਾਹੀਂ ਪ੍ਰਗਟ ਕਰਨ ਤੇ TPP, MPP ਅਤੇ APP ਵਿੱਚ ਸੰਬੰਧ ਨੂੰ ਦਰਸਾ ਸਕਦੇ ਹਾਂ।

ਕੁਝ ਸੰਬੰਧ TPP ਅਤੇ MPP ਵਿੱਚ ਹਮੇਸ਼ਾਂ ਹੀ ਪਾਏ ਜਾਂਦੇ ਹਨ। ਚਿੱਤਰ-2 ਅਤੇ ਟੇਬਲ-2 ਵਿੱਚ ਦੇਖਣ ਨਾਲ ਅਸੀਂ ਦੇਖਦੇ ਹਾਂ ਕਿ ਜੇ $X_1=0$ ਤੋਂ $X_1=2$ ਤੱਕ ਹੈ ਤਾ TPP ਵੱਧਦੀ ਹੈ ਅਤੇ MPP ਵੀ ਵਧਦੀ ਹੈ। $X_2$ ਦੀ ਦੂਜੀ ਇਕਾਈ ਤੋਂ ਬਾਅਦ, TPP ਵਿੱਚ ਵਾਧੇ ਦੀ ਦਰ ਘੱਟਦੀ ਹੈ ਅਤੇ MPP ਵੱਧ ਤੋਂ ਵੱਧ ਭਾਵ A, ਤੇ ਪਹੁੰਚ ਜਾਂਦੀ ਹੈ ਭਾਵ ਬਿਲਕੁਲ ਉਹ ਪੱਧਰ ਜਿਥੇ TPP ਦੀ ਵਧਣ ਦੀ ਦਰ ਘੱਟਣਾ ਸ਼ੁਰੂ ਕਰਦੀ ਹੈ। 'A' ਅਤੇ 'B' ਵਿੱਚ TPP ਲਗਾਤਾਰ ਵਧਦੀ ਜਾਂਦੀ ਹੈ। ਪਰ MPP ਦੇ ਵੱਧਣ ਦੀ ਦਰ ਘੱਟਦੀ ਜਾਂਦੀ ਹੈ, ਭਾਵੇਂ ਉਹ ਧਨਾਤਮਕ ਰਹਿੰਦੀ ਹੈ। $X_1$ ਦੀ ਹਰ ਵਾਧੂ ਇਕਾਈ ਨਾਲ, ਉਤਪਾਦਨ ਵਿੱਚ ਵਾਧਾ ਪਹਿਲਾਂ ਨਾਲੋਂ ਘੱਟ ਹੈ। $X_1$ ਦੀ ਚੋਥੀ ਇਕਾਈ ਵਿੱਚ, ਉਤਪਾਦਨ ਵਿੱਚ ਕੋਈ ਵਾਧਾ ਨਹੀਂ ਹੁੰਦਾ। ਜਦੋਂ TPP ਵੱਧ ਤੋਂ ਵੱਧ ਹੁੰਦੀ ਹੈ ਤਾਂ ਉਸ ਸਮੇਂ MPP = 0 ਹੁੰਦੀ ਹੈ। $X_1$ ਦੀ ਪੰਜਵੀਂ ਇਕਾਈ ਤਾਂ TPP ਨੂੰ ਸਗੋਂ ਘਟਾ ਦਿੰਦੀ ਹੈ।

APP ਅਤੇ MPP ਵਿੱਚ ਸੰਬੰਧ ਦਰਸਾਉਂਦਾ ਹੈ ਕਿ APP ਜਦੋਂ ਵੱਧਦੀ ਹੈ ਤਾਂ MPP ਵੀ ਤੇਜੀ ਨਾਲ ਵਧਦੀ ਹੈ। ਜਦੋਂ APP ਵੱਧ ਤੋਂ ਵੱਧ ਹੁੰਦੀ ਹੈ ਤਾਂ MPP ਇਸ ਦੇ ਬਰਾਬਰ ਹੁੰਦੀ ਹੈ। ਜਦੋਂ APP ਘੱਟਦੀ ਹੈ ਤਾਂ MPP ਵੀ ਤੇਜੀ ਨਾਲ ਘੱਟਦੀ ਹੈ ਅਤੇ ਇਸ ਤੋਂ ਜ਼ਿਆਦਾ ਦਰ ਤੇ ਘੱਟਦੀ ਹੈ।

**ਉਤਪਾਦਕਤਾ ਸੰਭਾਵਨਾਵਾਂ (Productivity Possibilities)**

ਉਤਪਾਦਕਤਾ ਦਾ ਇਕ ਖਾਸ ਅਰਥ ਹੈ ਅਤੇ ਇਸ ਨੂੰ ਉਤਪਾਦਨ (Production) ਤੋਂ ਅਲੱਗ ਰੂਪ ਵਿੱਚ ਲਿਆ ਜਾਂਦਾ ਹੈ ਉਤਪਾਦਨ ਕੁੱਲ output ਨੂੰ ਕਹਿੰਦੇ ਹਨ, ਜਦੋਂ ਕਿ ਉਤਪਾਦਕਤਾ (productivity) ਆਦਾਨਾਂ ਅਤੇ ਉਤਪਾਦਨ ਦਾ ਸੰਬੰਧ ਹੈ ਅਤੇ efficiency ਦਾ ਮਾਪ ਹੈ। ਜਦੋਂ ਪ੍ਰਤੀ ਇਕਾਈ ਉਤਪਾਦਨ


ਵਧਦਾ ਹੈ ਤਾਂ ਉਤਪਾਦਕਤਾ ਵੀ ਵਧਦੀ ਹੈ।

ਸਾਰਣੀ-3, ਵਧਦੀ, ਘੱਟਦੀ ਅਤੇ ਸਥਿਰ ਉਤਪਾਦਕਤਾ

| $X_1$ ਦੀਆਂ ਇਕਾਈਆਂ | TPP ਵਧਦੀ | MPP ਵਧਦੀ | TPP ਘੱਟਦੀ | MPP ਘੱਟਦੀ | TPP ਸਥਿਰ | MPP ਸਥਿਰ |
|---|---|---|---|---|---|---|
| 0 | 0 | 0 | 0 | 0 | 0 | 0 |
| 1 | 1 | 1 | 5 | 5 | 3 | 3 |
| 2 | 3 | 2 | 9 | 4 | 6 | 3 |
| 3 | 6 | 3 | 12 | 3 | 9 | 3 |
| 4 | 10 | 4 | 14 | 2 | 12 | 3 |
| 5 | 15 | 5 | 15 | 1 | 15 | 3 |

**ਵਧਦੀ ਉਤਪਾਦਕਤਾ (Increasing Productivity)**


ਜਦੋਂ ਅਸਥਿਰ ਸਾਧਨ ਦੀਆਂ ਇਕਾਈਆਂ ਨੂੰ ਸਥਿਰ ਸਾਧਨਾਂ ਉੱਪਰ ਲਗਾਤਾਰ ਵਧਾਇਆ ਜਾਂਦਾ ਹੈ ਤਾਂ TPP ਵਿੱਚ ਵਾਧਾ ਵਧਦੀ ਦਰ ਤੇ ਹੁੰਦਾ ਹੈ ਅਤੇ ਉਸ ਨੂੰ ਵਧਦੀ ਉਤਪਾਦਕਤਾ ਕਹਿੰਦੇ ਹਨ।




ਵਧਦੀ ਉਤਪਾਦਕਤਾ

**ਘਟੱਦੀ ਉਤਪਾਦਕਤਾ (Decreasing Productivity)**


ਜਦੋਂ ਅਸਿਥਰ ਸਾਧਨ ਦੀ ਮਾਤਰਾ ਨੂੰ ਸਥਿਰ ਸਾਧਨਾਂ ਨਾਲ ਵਧਾਇਆ ਜਾਂਦਾ ਹੈ ਤਾਂ TPP ਵਿੱਚ ਵਾਧਾ ਹੁੰਦਾ ਹੈ ਪਰ ਇਹ ਘੱਟਦੀ ਦਰ ਤੇ ਹੁੰਦਾ ਹੈ। ਇਸ ਦੇ ਨਾਲ ਹੀ MPP ਘੱਟਦੀ ਹੈ। ਇਸ ਨੂੰ ਘੱਟਦੀ ਉਤਪਾਦਕਤਾ ਆਖਿਆ ਜਾਂਦਾ ਹੈ। ਇਸ ਨੂੰ ਹੇਠ ਦਿੱਤੇ ਚਿੱਤਰ ਰਾਹੀਂ ਦਰਸਾਇਆ ਜਾਂਦਾ ਹੈ :




ਘੱਟਦੀ ਉਤਪਾਦਕਤਾ

## ਸਥਿਰ ਉਤਪਾਦਕਤਾ (Constant Productivity)

ਜਦੋਂ ਅਸਥਿਰ ਸਾਧਨ ਨੂੰ ਸਥਿਰ ਸਾਧਨਾਂ ਨਾਲ ਵਧਾਇਆ ਜਾਂਦਾ ਹੈ ਤਾਂ ਕੁੱਲ ਉਤਪਾਦਨ ਵਿੱਚ ਵਾਧਾ ਸਥਿਰ ਦਰ ਤੇ ਹੁੰਦਾ ਹੈ ਅਤੇ MPP ਸਥਿਰ ਰਹਿੰਦੀ ਹੈ ਤਾਂ ਇਸ ਨੂੰ ਸਥਿਰ ਉਤਪਾਦਕਤਾ ਆਖਿਆ ਜਾਂਦਾ ਹੈ।




ਸਥਿਰ ਉਤਪਾਦਕਤਾ

ਉਤਪਾਦਨ ਦੇ ਅਰਥ ਸ਼ਾਸਤਰ (Economics of Production) ਦਾ ਅਧਿਐਨ ਹੇਠਾਂ ਦਿੱਤੀਆਂ ਮਨੌਤਾਂ (Assumptions) ਤੇ ਆਧਾਰਿਤ ਹੈ।


1. ਉਤਪਾਦਕ ਵੱਧ ਤੋਂ ਵੱਧ ਲਾਭ ਕਮਾਉਣਾ ਚਾਹੁੰਦਾ ਹੈ।
2. ਮੰਡੀ ਵਿਚ ਕੇਵਲ ਇੱਕ ਹੀ ਫਰਮ ਹੈ ਅਤੇ ਉਹ ਇਕ ਵਸਤੂ ਦਾ ਹੀ ਉਤਪਾਦਨ ਕਰਦੀ ਹੈ।
3. ਇਕੋ ਹੀ ਅਸੀਮਤ ਵੰਡਣਯੋਗ ਆਦਾਨ ਪਾਇਆ ਜਾਂਦਾ ਹੈ ਅਤੇ ਉਸ ਦੀ ਮਾਤਰਾ ਅਸੀਮਤ ਰੂਪ ਵਿਚ ਉਪਲਬਧ ਹੁੰਦੀ ਹੈ।
4. ਤਕਨੀਕੀ ਪੱਧਰ ਅਤੇ ਸੰਸਥਾਵਾਂ ਵਿਚ ਕੋਈ ਤਬਦੀਲੀ ਨਹੀਂ ਆਉਂਦੀ।

5. ਕਿਸੇ ਕਿਸਮ ਦੀ ਕੋਈ ਅਨਿਸ਼ਚਤਤਾ ਨਹੀਂ ਪਾਈ ਜਾਂਦੀ।

## ਉਤਪਾਦਨ ਦੇ ਪੱਧਰ **(Stages of Production)**

ਅਰਥ ਸ਼ਾਸਤਰੀਆਂ ਨੇ ਉਤਪਾਦਨ ਦੀਆਂ ਤਿੰਨ ਪੱਧਰਾਂ ਦਾ ਅਧਿਐਨ ਕੀਤਾ ਹੈ ਅਤੇ ਹਰ ਇੱਕ ਪੱਧਰ ਦੀਆਂ ਆਪਣੀਆਂ ਕੁਝ ਵਿਸ਼ੇਸ਼ਤਾਵਾਂ ਹਨ। ਇਸ ਵੰਡ ਦਾ ਕਾਰਣ ਇਸ ਤੱਥ ਤੇ ਆਧਾਰਿਤ ਹੈ ਕਿ ਇਹ ਸਾਨੂੰ ਸਭ ਤੋਂ ਉਚਿੱਤ ਸਾਧਨਾਂ ਦੀ ਵੰਡ ਕਰਨ ਵਿਚ ਸਹਾਇਤਾ ਕਰਦੀ ਹੈ। ਇਨ੍ਹਾਂ ਪੱਧਰਾ, ਪੱਧਰ-I, ਪੱਧਰ-II, ਪੱਧਰ-III, ਦਾ ਘੱਟਦੇ ਪ੍ਰਤੀਫ਼ਲ ਦੇ ਨਿਯਮ ਅਤੇ TPP, MPP ਅਤੇ APP ਦੇ ਸੰਬੰਧਾਂ ਤੋਂ ਪਤਾ ਲਗਾਇਆ ਜਾਂਦਾ ਹੈ।

ਸਟੇਜ-I, ਉਤਪਾਦਨ ਫਲਨ ਦਾ ਉਹ ਭਾਗ ਹੈ ਜਿਥੇ APP ਅਤੇ MPP ਦੋਨੋਂ ਹੀ ਵਧਦੀਆਂ ਹਨ ਪਰ MPP, APP ਨਾਲੋਂ ਤੇਜ਼ੀ ਨਾਲ ਵਧਦੀ ਹੈ। ਸਭ ਤੋਂ ਵੱਧ ਤਕਨੀਕੀ ਨਿਪੁੰਨਤਾ (Technical efficiency) ਉੱਥੇ ਪਾਈ ਜਾਂਦੀ ਹੈ ਜਿਥੇ APP ਸਭ ਤੋਂ ਵੱਧ ਹੁੰਦਾ ਹੈ ਅਤੇ ਇਹ ਸਟੇਜ-I ਦੇ ਅੰਤ ਵਿੱਚ ਹੁੰਦਾ ਹੈ। (ਚਿੱਤਰ ਵਿਚ ਬਿੰਦੂ B)। ਕੁੱਲ ਉਤਪਾਦਨ ਵਿੱਚ, ਅਸਥਿਰ ਸਾਧਨ ਦੀ ਹੋਰ ਇਕਾਈ ਲਗਾਉਣ ਨਾਲ ਸਭ ਤੋਂ ਵੱਧ ਵਾਧਾ ਉਦੋਂ ਹੁੰਦਾ ਹੈ ਜਦੋਂ MPP ਵੱਧ ਤੋਂ ਵੱਧ ਹੁੰਦੀ ਹੈ (ਚਿੱਤਰ ਵਿਚ ਬਿੰਦੂ A) ਇਸ ਕਰਕੇ ਇਥੋਂ ਇਹ ਨਤੀਜਾ ਕੱਢਿਆ ਜਾ ਸਕਦਾ ਹੈ ਕਿ ਉੱਚਤਮ ਪੱਧਰ ਦਾ ਉਤਪਾਦਨ ਦਾ ਬਿੰਦੂ A ਹੈ ਜਾਂ B। ਇਸ ਤਰ੍ਹਾਂ ਸਟੇਜ-I ਵਿੱਚ MPP>APP, MPP ਵੱਧ ਤੋਂ ਵੱਧ ਪੱਧਰ ਤੱਕ ਪਹੁੰਚਦੀ ਹੈ ਅਤੇ TPP ਵਧਦੀ ਦਰ ਤੇ ਵੱਧਦੀ ਹੈ।




ਪੱਧਰ-II ਉਤਪਾਦਨ ਫਲਨ ਦਾ ਉਹ ਭਾਗ ਹੈ ਜਦੋਂ MPP<APP (ਪ੍ਰੰਤੂ ਜੀਰੋ ਨਾਲ ਜ਼ਿਆਦਾ ਹੁੰਦੀ ਹੈ ਅਤੇ TPP ਹਾਲੇ ਵੀ ਵਧ ਰਹੀ ਹੁੰਦੀ ਹੈ) ਸਟੇਜ-II ਉਦੋਂ ਖ਼ਤਮ ਹੁੰਦੀ ਹੈ ਜਦੋਂ MPP ਰਿਣਾਤਮਕ ਹੋਣਾ ਸ਼ੁਰੂ ਹੁੰਦੀ ਹੈ। ਤੀਜੀ ਸਟੇਜ ਉਦੋਂ ਸ਼ੁਰੂ ਹੁੰਦੀ ਹੈ ਜਦੋਂ TPP ਵੱਧ ਤੋਂ ਵੱਧ ਹੁੰਦੀ ਹੈ ਅਤੇ MPP=0 ਹੁੰਦੀ ਹੈ। ਲਾਭ ਨੂੰ ਤੀਜੀ ਸਟੇਜ ਵਿਚ ਕਦੇ ਵੀ ਅਧਿੱਕਤਮ ਨਹੀਂ ਕੀਤਾ ਜਾ ਸਕਦਾ, ਕਿਉਂਕਿ ਸਾਧਨ ਦੀਆਂ ਹੋਰ ਇਕਾਈਆਂ ਲਗਾਉਣ ਨਾਲ ਉਤਪਾਦਨ ਘੱਟਦਾ ਹੈ। ਇਸ ਗੱਲ ਨੂੰ ਚੇਤੇ ਰੱਖਣਾ ਚਾਹੀਦਾ ਹੈ ਕਿ ਲਾਭ ਨੂੰ ਪਹਿਲੀ ਅਤੇ ਤੀਜੀ ਸਟੇਜ ਵਿਚ ਕਦੇ ਵੀ ਅਧਿੱਕਤਮ ਨਹੀਂ ਕੀਤਾ ਜਾ ਸਕਦਾ। ਉਤਪਾਦਕ, ਜੋ ਆਪਣੇ ਲਾਭ ਨੂੰ ਅਧਿਕਤਮ ਕਰਨਾ ਚਾਹੁੰਦਾ ਹੈ, ਉਸ ਨੂੰ ਦੂਜੀ ਸਟੇਜ ਵਿੱਚ ਉਤਪਾਦਨ ਕਰਨਾ ਚਾਹੀਦਾ ਹੈ।

$X_1$ ਸਾਧਨ ਦੀਆਂ ਇਕਾਈਆਂ ਦੀ ਹੋਰ ਵਰਤੋਂ ਕਰਨਾ ਉਦੋਂ ਤੱਕ ਲਾਭਦਾਇਕ ਹੋਵੇਗਾ ਜਦੋਂ ਤੱਕ ਇਸ ਤੋਂ ਹੋਣ ਵਾਲਾ ਉਤਪਾਦਨ ਇਸ ਦੀ ਲਾਗਤ ਤੋਂ ਜ਼ਿਆਦਾ ਹੈ। ਇਸ ਨੂੰ ਸੀਮਾਂਤਕਤਾ (Marginalism) ਸੰਤੁਲਨ ਦੀ ਧਾਰਨਾ ਦਾ ਨਾਮ ਦਿੱਤਾ ਜਾਂਦਾ ਹੈ। ਲਾਭ ਅਧਿੱਕਤਮ ਕਰਨ ਦਾ ਢੰਗ ਇਹ ਹੋਣਾ ਚਾਹੀਦਾ ਹੈ

ਕਿ ਉਤਪਾਦਨ ਵਿੱਚ ਵਾਧੇ ਨੂੰ ਕੀਮਤ ਨਾਲ ਗੁਣਾਂ ਕਰਕੇ ਜੋ ਮੁੱਲ ਆਉਂਦਾ ਹੈ ਉਹ ਆਦਾਨ ਵਿਚ ਵਾਧੇ ਨੂੰ ਉਸ ਦੀ ਕੀਮਤ ਨਾਲ ਗੁਣਾਂ ਕਰਕੇ ਜੋ ਮੁੱਲ ਆਉਂਦਾ ਹੈ, ਉਸ ਦੇ ਬਰਾਬਰ ਹੋਣਾ ਚਾਹੀਦਾ ਹੈ।

ਅਰਥਾਤ

$\Delta y/\Delta x_1 = Px_1/.Py$

$$\frac{\text{ਉਤਪਾਦਨ ਵਿਚ ਵਾਧਾ}}{\text{ਆਦਾਨ ਵਿੱਚ ਵਾਧਾ}} = \frac{\text{ਆਦਾਨ ਦੀ ਕੀਮਤ}}{\text{ਉਤਪਾਦਨ ਦੀ ਕੀਮਤ}}$$

ਜਾਂ $MVP = Px_1$

ਇਥੇ MVP = Marginal Value Product ਹੈ।

ਆਦਾਨ-ਉਤਪਾਦਨ ਸੰਬੰਧ ਨੂੰ ਦਰਸਾਉਣ ਲਈ ਅਸੀਂ ਕਈ ਮਨੌਤਾਂ ਦੀ ਵਰਤੋਂ ਕੀਤੀ ਹੈ ਅਤੇ ਇਸ ਦੇ ਨਾਲ ਹੀ ਇਸ ਸੰਬੰਧ ਨੂੰ ਸੌਖੇ ਰੂਪ ਵਿਚ ਪੇਸ਼ ਕਰਨ ਲਈ ਕਈ ਖਾਸ ਹਾਲਤਾਂ ਨੂੰ ਅੱਖੋਂ ਓਹਲੇ ਕੀਤਾ ਹੈ। ਉਹਨਾਂ ਵਿੱਚ ਕੁਝ ਉੱਤੇ ਅਸੀਂ ਹੁਣ ਵਿਚਾਰ ਕਰਦੇ ਹਾਂ।

ਲਾਭ ਨੂੰ ਅਧਿੱਕਤਮ ਕੀਤਾ ਜਾ ਸਕਦਾ ਹੈ ਜਦੋਂ $MPP = Px_1$ ਹੁੰਦਾ ਹੈ। $MPP = Px_1$, ਲਾਭ ਨੂੰ ਅਧਿਕਤਮਕਰਨ ਲਈ ਜ਼ਰੂਰੀ ਸ਼ਰਤ ਹੈ ਅਤੇ Sufficient ਸ਼ਰਤ ਇਹ ਹੈ ਕਿ ਘੱਟਦੇ ਸੀਮਾਂਤ ਪ੍ਰਤੀਫਲ ਦਾ ਨਿਯਮ ਲਾਗੂ ਹੋਣਾ ਚਾਹੀਦਾ ਹੈ। ਜਦੋਂ ਤੱਕ MPP > APP, APP ਵੱਧਦੀ ਹੈ। y ਜਾਂ $X_1$ ਦੀ ਕੀਮਤ ਜਾਣੇ ਬਿਨਾ ਹੀ ਇਹ ਨਤੀਜਾ ਕੱਢਿਆ ਜਾ ਸਕਦਾ ਹੈ ਕਿ ਜਦੋਂ APP ਵੱਧਦੀ ਹੈ ਤਾਂ ਲਾਭ ਵਧੇਗਾ।

$Px_1$ ਅਤੇ Py ਦੋਨੋਂ ਹੀ $MVP = Px_1$ ਨਿਰਧਾਰਤ ਕਰਨ ਲਈ ਜ਼ਰੂਰੀ ਹਨ। ਦੋਨਾ ਵਿੱਚੋਂ ਕਿਸੇ ਇੱਕ ਦੀ ਕੀਮਤ ਵਿਚ ਬਦਲੀ ਸੰਤੁਲਨ ਦੇ ਪੱਧਰ ਨੂੰ ਬਦਲ ਦੇਵੇਗੀ। ਜੇਕਰ Py ਵੱਧਦੀ ਹੈ ਤਾਂ ਹੋਰ ਜ਼ਿਆਦਾ $X_1$ ਦੀ ਵਰਤੋਂ ਕਰਨ ਨਾਲ ਲਾਭ ਹੋਵੇਗਾ ਅਤੇ ਜੇਕਰ Py ਗਿਰਦੀ ਹੈ ਤਾਂ $X_1$ ਦੀ ਵਰਤੋਂ ਨੂੰ ਘੱਟ ਕਰਨਾ ਚਾਹੀਦਾ ਹੈ।

**ਆਦਾਨ-ਆਦਾਨ ਸੰਬੰਧ (Input-Input Relationship)**

(How to Produce)

ਜਿਵੇਂ ਕਿ ਪਹਿਲਾਂ ਦੱਸਿਆ ਗਿਆ ਹੈ ਕਿ ਉਤਪਾਦਨ ਫਲਨ, ਵੱਖ-ਵੱਖ ਆਦਾਨਾਂ ਦੇ ਗੁੱਟਾਂ ਦੇ ਵਿਕਲਪ ਨੂੰ ਦਰਸਾਉਂਦਾ ਹੈ ਜੋ ਕਿ ਇਕ ਉਤਪਾਦਨ ਦਾ ਦਿੱਤਾ ਹੋਇਆ ਪੱਧਰ ਪੈਦਾ ਕਰ ਸਕਦਾ ਹੈ। ਜਦੋਂ ਇਹ ਸਾਰੇ ਗੁੱਟ (Combinations) ਤਕਨੀਕੀ ਪੱਖੋਂ ਨਿਪੁੰਨ ਹੁੰਦੇ ਹਨ ਤਾਂ ਇਕ ਖਾਸ ਗੁੱਟ ਨੂੰ ਅਪਨਾਉਣ ਦਾ ਅੰਤਮ ਫੈਸਲਾ ਲਾਗਤਾਂ ਉਪਰ ਨਿਰਭਰ ਕਰਦਾ ਹੈ। ਇੱਕ ਕਿਸਾਨ ਨੂੰ ਉਹ ਗੁੱਟ ਚੁਣਨਾ ਚਾਹੀਦਾ ਹੈ ਜੋ ਉਸ ਨੂੰ ਘੱਟ ਤੋਂ ਘੱਟ ਲਾਗਤ ਤੇ ਉਪਲਬੱਧ ਹੁੰਦਾ ਹੈ। ਅਸੀਂ ਸਾਰੇ ਪਹਿਲਾਂ ਦਿੱਤੇ ਉਤਪਾਦਨ ਫਲਨ $y = f(X_1/X_2, X_3\ldots, X_n)$ ਨੂੰ ਨਵਾਂ ਰੂਪ ਦਿੰਦੇ ਹਾਂ ਜਿਸ ਵਿੱਚ ਦੋ ਸਾਧਨਾਂ ਨੂੰ ਅਸਥਿਰ ਦਰਾਂ ਵਜੋਂ ਲਿਆ ਗਿਆ ਹੈ। ਉਹ ਇਸ ਪ੍ਰਕਾਰ ਹਨ :

$y = f(X_1, X_2/X_3\ldots, X_n)$ ਇਥੇ $X_1$ ਅਤੇ $X_2$ ਬਦਲੀਯੋਗ ਦਰ ਹਨ ਅਤੇ ਬਾਕੀ ਸਥਿਰ ਹਨ। ਇਥੇ ਸਾਡਾ ਕੰਮ $X_1$ ਅਤੇ $X_2$ ਦੇ ਉਸ ਗੁੱਟ ਨੂੰ $X_3\ldots X_n$ ਨਾਲ ਮਿਲਾਉਣਾ ਹੈ ਜਿਸ ਤੋਂ ਅਸੀਂ ਦਿੱਤਾ ਹੋਇਆ ਉਤਪਾਦਨ ਪੱਧਰ ਪ੍ਰਾਪਤ ਕਰਕੇ ਵੱਧ ਤੋਂ ਵੱਧ ਲਾਭ ਕਮਾ ਸਕੀਏ। ਇਥੇ ਇਕੋ ਹੀ ਬਦਲੀਯੋਗ ਆਦਾਨ ਵਾਲੀ ਮਨੌਤ ਨੂੰ ਛੱਡ ਕੇ ਬਾਕੀ ਸਾਰੀਆਂ ਆਦਾਨ-ਉਤਪਾਦਨ ਸੰਬੰਧ (input-output relationship) ਵਾਲੀਆਂ ਮਨੌਤਾਂ ਲਾਗੂ ਹੁੰਦੀਆਂ ਹਨ। ਆਦਾਨ-ਆਦਾਨ ਸੰਬੰਧ ਵਿੱਚ, ਦਿੱਤਾ ਹੋਇਆ ਉਤਪਾਦਨ ਕਰਨ ਲਈ ਦੋ ਅਸਥਿਰ ਸਾਧਨਾਂ ਨੂੰ ਵਰਤਿਆ ਜਾਂਦਾ ਹੈ।

ਸਾਡੇ ਇਸ ਵਿਚਾਰ ਨੂੰ ਦਰਸਾਉਣ ਲਈ ਅਰਥ-ਸ਼ਾਸਤਰੀਆਂ ਨੇ ਸਮ-ਉਤਪਾਦ ਕਰਵ (Iso-Product Curve) ਦੀ ਧਾਰਨਾ ਦਾ ਵਿਕਾਸ ਕੀਤਾ ਹੈ ਜੋ ਇਨ੍ਹਾਂ ਦੇ ਵੱਖਰੇ-ਵੱਖਰੇ ਗੁੱਟਾਂ ਨੂੰ ਦਰਸਾਉਂਦਾ ਹੈ ਜਿਸ ਤੋਂ ਉਤਪਾਦਨ ਦਾ ਇੱਕ ਦਿੱਤਾ ਹੋਇਆ ਪੱਧਰ ਪ੍ਰਾਪਤ ਹੁੰਦਾ ਹੈ।





**Fig. 5**

ਇਹ ਚਿੱਤਰ ਸਮ - ਉਤਪਾਦ ਵਕਰ ਨੂੰ ਦਰਸਾਉਂਦਾ ਹੈ ਜਦੋਂ y = 10 ਯੂਨਿਟਾਂ ਦੇ ਬਰਾਬਰ ਹੁੰਦਾ ਹੈ। y ਉਪਰ ਹਰ ਬਿੰਦੂ (A, B, C ਜਾਂ ਕੋਈ ਹੋਰ ਬਿੰਦੂ) y ਦੇ 10 ਯੂਨਿਟਾਂ ਦੇ ਉਤਪਾਦਨ ਨੂੰ ਕਰਣ ਉਪਰ ਕੋਈ ਵੀ ਬਿੰਦੂ ਲਿਆ ਜਾਵੇ (ਭਾਵ $X_1$ ਅਤੇ $X_2$ ਦਾ ਕੋਈ ਵੀ ਗੁੱਟ ਲਿਆ ਜਾਵੇ) ਉਹ y = 10 ਨੂੰ ਦਰਸਾਉਂਦਾ ਹੈ।


ਸਥਾਨਾਪਣ ਦੀ ਸੀਮਾਂਤ ਦਰ (Marginal rate of substitution) ਇਕ ਸਾਧਨ ਦੀ ਦੂਜੇ ਨਾਲ ਬਦਲੀ ਨੂੰ ਦਰਸਾਉਂਦੀ ਹੈ, ਇਸ ਬਦਲੀ ਨਾਲ ਉਤਪਾਦਨ ਉੱਪਰ ਕੋਈ ਅਸਰ ਨਹੀਂ ਪੈਦਾ। MRS of $X_2$ for $X_1 = MPX_1/MPX_2$

MRS ਹਮੇਸ਼ਾ ਹੀ ਰਿਣਾਤਮਕ ਰੂਪ ਵਿਚ ਦਰਸਾਇਆ ਜਾਂਦਾ ਹੈ ਕਿਉਂਕਿ ਸਮ-ਉਤਪਾਦ ਵਕਰ ਹਮੇਸ਼ਾ ਹੀ ਰਿਣਾਤਮਕ ਅਤੇ ਖੱਬੇ ਤੋਂ ਸੱਜੇ ਵੱਲ ਨੂੰ ਹੁੰਦਾ ਹੈ। MRS ਹਮੇਸ਼ਾਂ ਘੱਟਦੀ ਦਰ ਵੱਲ ਨੂੰ ਝੁਕਾਅ ਦਰਸਾਉਂਦਾ ਹੈ।

ਜਿਵੇਂ ਕਿ ਪਹਿਲਾਂ ਹੀ ਦੱਸਿਆ ਜਾ ਚੁੱਕਿਆ ਹੈ ਕਿ ਸਾਧਨਾਂ ਦੇ ਕਿਸੇ ਗੁੱਟ ਨੂੰ ਅਪਨਾਉਣਾ ਸ਼ੁੱਧ ਰੂਪ ਵਿਚ ਇੱਕ ਆਰਥਿਕ ਫੈਸਲਾ ਹੈ ਅਤੇ ਇਹ ਸਾਧਨਾਂ ਦੀ ਲਾਗਤ ਤੇ ਨਿਰਭਰ ਕਰਦਾ ਹੈ।

ਇਸ ਸੰਬੰਧ ਨੂੰ ਜ਼ਿਆਦਾ ਸਪਸ਼ਟ ਕਰਨ ਲਈ ਅਰਥ ਸ਼ਾਸਤਰੀਆਂ ਨੇ ਸਮ-ਲਾਗਤ ਲਾਇਨ ਦਾ ਵਿਕਾਸ ਕੀਤਾ ਹੈ ਜੋ ਕਿ $X_1$ ਅਤੇ $X_2$ ਦੇ ਅਜਿਹੇ ਗੁੱਟਾਂ ਨੂੰ ਦਰਸਾਉਂਦੀ ਹੈ ਜੋ ਕਿ ਦਿੱਤੀ ਹੋਈ ਲਾਗਤ (given cost) ਤੇ ਅਪਣਾਏ ਜਾ ਸਕਦੇ ਹਨ। ਜਾਂ ਅਸੀਂ ਇਸ ਤਰ੍ਹਾਂ ਕਹਿ ਸਕਦੇ ਹਾਂ ਕਿ ਕੁੱਲ ਖਰਚ (ਲਾਗਤ) ਦਿੱਤੀ ਹੋਣ ਤੇ $X_1$ ਅਤੇ $X_2$ ਦੇ ਕਿਹੜੇ ਗੁੱਟ (Combination) ਲਗਾਏ ਜਾ ਸਕਦੇ ਹਨ।

ਕੀਮਤ ਅਨੁਪਾਤ ਰਾਹੀਂ ਸਮ-ਲਾਗਤ ਵਕਰ ਦੀ ਢਲਾਨ ਨਿਰਧਾਰਤ ਕੀਤੀ ਜਾਂਦੀ ਹੈ। ਇਸ ਅਨੁਪਾਤ ਵਿੱਚ ਤਬਦੀਲੀਆਂ ਵੱਖਰੀਆਂ ਢਲਾਨਾਂ ਨੂੰ ਪ੍ਰਦਰਸ਼ਿਤ ਕਰਦੀਆਂ ਹਨ।




Iso-Cost Line 1 : Rs. 6 available
$Px_1$ = Rs. 1
$Px_2$ = Rs. 4.50

Iso-Cost Line 11 : Rs. 6 available
$Px_1$ = Rs. 2
$Px_2$ = Rs. 1
Slope of Iso cost line = $Px_1/Px_2$

Fig. 5

**ਅਧਿੱਕਤਮ ਲਾਭ ਢੰਗ (Profit Maximization Criterion)**

ਜੇਕਰ ਕਿਸੇ ਦਿੱਤੇ ਹੋਏ ਉਤਪਾਦਨ ਦੇ ਪੱਧਰ ਤੇ ਸਾਡਾ ਉਦੇਸ਼ ਲਾਭ ਨੂੰ ਅਧਿੱਕਤਮ ਕਰਨਾ ਹੋਵੇ ਤਾਂ ਘੱਟ ਤੋਂ ਘੱਟ ਲਾਗਤ ਅਤੇ ਅਧਿਕਤਮ ਲਾਭ ਇਹੋ ਗੱਲ ਨੂੰ ਦਰਸਾਉਂਦੇ ਹਨ। ਅਸੀਂ ਦਿੱਤੇ ਹੋਏ ਉਤਪਾਦਨ ਦੀ ਪੱਧਰ ਤੇ ਸਾਧਨਾਂ ਦੇ ਘੱਟ ਤੋਂ ਘੱਟ ਲਾਗਤ ਵਾਲੇ ਗੁੱਟਾਂ ਦੀ ਵਰਤੋਂ ਕਰਦੇ ਹਾਂ। ਘੱਟ ਤੋਂ ਘੱਟ ਲਾਗਤ ਗੁੱਟਾਂ ਨੂੰ ਨਿਰਧਾਰਤ ਕਰਨ ਲਈ, ਸਾਨੂੰ ਹਰ ਸਾਧਨ ਦੀ ਕੀਮਤ ਬਾਰੇ ਅਤੇ ਸਾਧਨਾਂ ਵਿਚ ਸਥਾਨਾਪਣ ਦੀ ਸੀਮਾਂਤ ਦਰ ਬਾਰੇ ਪਤਾ ਹੋਣਾ ਚਾਹੀਦਾ ਹੈ। ਇਹ ਸਭ ਕੁਝ ਪਤਾ ਹੋਣ ਤੇ, ਅਸੀਂ ਉਹ ਬਿੰਦੂ ਲੱਭ ਕੇ, ਜਿਥੇ ਸਥਾਨਾਪਣ ਦੀ ਸੀਮਾਂਤ ਦਰ, ਕੀਮਤ ਅਨੁਪਾਤ ਦੇ ਬਰਾਬਰ ਹੁੰਦੀ ਹੈ, ਅਧਿੱਕਤਮ ਲਾਭ ਨਿਰਧਾਰਤ ਕਰ ਸਕਦੇ ਹਾਂ।


MRS of $X_2$ for $X_1 = Px_1/Px_2$

$\Delta x_1/\Delta x_2 = Px_2/Px_1$

ਆਦਾਨ ਗੁੱਟ ਬਿੰਦੂਆਂ ਤੋਂ ਜੋੜਨ ਤੇ ਅਸੀਂ ਸਮਉਤਪਾਦ ਵਕਰ (Iso-Product Curve) ਬਣਾ ਸਕਦੇ ਹਾਂ, ਇਸੇ ਤਰ੍ਹਾਂ ਅਸੀਂ ਸਮ-ਲਾਗਤ ਰੇਖਾ ਬਣਾ ਸਕਦੇ ਹਾਂ। ਇਨ੍ਹਾ ਦੋਹਾਂ ਵਿਚ ਸਪਰਸ਼ (tangency) ਬਿੰਦੂ ਨੂੰ ਇਸ਼ਟਤਮ ਸਾਧਨ ਗੁੱਟ (Optimum resource combination) ਆਖਿਆ ਜਾਂਦਾ ਹੈ।

ਨਿਊਨਤਮ ਲਾਗਤ (Least cost) ਦੀ ਧਾਰਨਾ ਦਾ ਕਈ ਥਾਵਾਂ ਤੇ ਪ੍ਰਯੋਗ ਹੁੰਦਾ ਹੈ, ਇਸ ਧਾਰਨਾ ਦਾ ਗਿਆਨ ਖੇਤੀਬਾੜੀ ਵਿੱਚ ਸਾਧਨਾਂ ਦਾ ਠੀਕ ਪ੍ਰਯੋਗ ਕਰਨ ਵਿਚ ਵੀ ਸਹਾਈ ਹੁੰਦਾ ਹੈ। ਜਦੋਂ ਕਦੇ ਵੀ ਪ੍ਰਬੰਧਕ ਨੂੰ ਸਾਧਨਾਂ ਦੀ ਵੰਡ ਦੇ ਫੈਸਲੇ ਸੰਬੰਧੀ ਸਮੱਸਿਆ ਆਉਂਦੀ ਹੈ, ਤਾ ਉਹ ਆਦਾਨ-ਆਦਾਨ ਸੰਬੰਧ ਦਾ ਪ੍ਰਯੋਗ ਕਰਕੇ ਸਮੱਸਿਆ ਦਾ ਹੱਲ ਲੱਭ ਸਕਦਾ ਹੈ।

ਜਦੋਂ ਕਦੇ ਦੋ ਆਦਾਨਾਂ ਵਿਚ ਕੀਮਤ ਸੰਬੰਧ ਬਦਲਦੇ ਹਨ ਤਾਂ ਦੋਹਾਂ ਵਿੱਚ ਨਿਊਨਤਮ ਲਾਗਤ ਲਈ ਸਾਧਨਾਂ ਦਾ ਇਕ ਨਵਾਂ ਗੁੱਟ ਬਣਦਾ ਹੈ। ਸਸਤੇ ਸਾਧਨ ਨੂੰ ਮਹਿੰਗੇ ਸਾਧਨ ਨਾਲ ਬਦਲਿਆ ਜਾਂਦਾ ਹੈ, ਇਹ ਪ੍ਰਕ੍ਰਿਆ ਉਦੋਂ ਤੱਕ ਚੱਲਦੀ ਹੈ ਜਦੋਂ ਤੱਕ MRS, ਕੀਮਤ ਅਨੁਪਾਤ ਦੇ ਬਰਾਬਰ ਨਹੀਂ ਹੋ ਜਾਂਦਾ।




**ਉਤਪਾਦਨ-ਉਤਪਾਦਨ ਸੰਬੰਧ (Product-Product Relationship)**

(What to produce)

ਜਦੋਂ ਉਤਪਾਦਕ ਵੱਧ ਤੋਂ ਵੱਧ ਲਾਭ ਕਮਾਉਣਾ ਚਾਹੁੰਦਾ ਹੈ, ਤਾ ਉਹ ਉਤਪਾਦਨ ਦੀਆਂ ਉਹਨਾਂ ਰੇਖਾਵਾਂ ਨੂੰ ਲੱਭਣ ਦੀ ਕੋਸ਼ਿਸ਼ ਕਰਦਾ ਹੈ, ਜਿਸ ਨਾਲ ਲਾਭ ਵਿੱਚ ਵੱਧ ਤੋਂ ਵੱਧ ਵਾਧਾ ਹੁੰਦਾ ਹੈ। ਸਾਧਨਾਂ ਨੂੰ ਵੱਖ-ਵੱਖ ਉਦਮਾ ਵਿਚ ਇਸ ਪ੍ਰਕਾਰ ਵੰਡਿਆ ਜਾਂਦਾ ਹੈ ਤਾਂ ਜੋ ਪ੍ਰਤੀਫਲ ਦੀ ਮਾਤਰਾ ਵੱਧ ਤੋਂ ਵੱਧ ਹੋਵੇ। ਇਥੇ ਸਾਡਾ ਉਦੇਸ਼ ਇਹੋ ਜਿਹੀ ਸਮਝ ਨੂੰ ਦਿਖਾਉਣਾ ਹੈ ਜਿਸ ਨਾਲ ਉੱਦਮਾਂ ਦੇ ਗੁੱਟ ਨਿਰਧਾਰਤ ਕੀਤੇ ਜਾ ਸਕਣ ਤਾਂ ਜੋ ਵੱਧ ਤੋਂ ਵੱਧ ਲਾਭ ਹੋ ਸਕੇ।


**ਉਤਪਾਦਨ ਸੰਭਵਤਾ ਵਕਰ (Production Possibility Curve)**

ਜਿਸ ਤਰ੍ਹਾਂ ਆਦਾਨ-ਆਦਾਨ ਸੰਬੰਧ ਵਿਚ ਇਸ਼ਟਤਮ ਹਾਲਤ ਨਿਰਧਾਰਤ ਕਰਨ ਲਈ ਸਮਉਤਪਾਦ ਵਕਰ (isoquants) ਅਤੇ ਸਮ ਲਾਗਤ ਵਕਰ (isocost) ਦੀ ਜ਼ਰੂਰਤ ਪੈਂਦੀ ਹੈ, ਇਸੇ ਤਰ੍ਹਾਂ ਉਤਪਾਦ-ਉਤਪਾਦ ਸੰਬੰਧ ਵਿਚ ਇਸ਼ਟਤਮ ਹਾਲਤ ਨਿਰਧਾਰਤ ਕਰਨ ਲਈ ਉਤਪਾਦਨ ਸੰਭਵਤਾ ਵਕਰ (Production Possibility Curve) ਅਤੇ ਸਮ-ਆਮਦਨ ਰੇਖਾਵਾਂ (Iso-revenue lines) ਦੀ ਜ਼ਰੂਰਤ ਪੈਂਦੀ ਹੈ।

ਉਤਪਾਦਨ ਸੰਭਵਤਾ ਵਕਰ ਦੋ ਉਤਪਾਦਾਂ ਦੇ ਉਹਨਾਂ ਸਾਰੇ ਸੰਭਵ ਗੁੱਟਾਂ ਨੂੰ ਦਰਸਾਉਂਦੀ ਹੈ, ਜੋ ਦਿੱਤੇ ਹੋਏ ਸਾਧਨ ਨਾਲ ਪੈਦਾ ਕੀਤੇ ਜਾ ਸਕਦੇ ਹਨ।

| ਉਤਪਾਦਨ ਦੀਆਂ ਇਕਾਈਆਂ | |
|---|---|
| Y2 | Y1 |
| 25 | 0 |
| 23 | 5 |
| 20 | 10 |
| 16.5 | 15 |
| 10 | 20 |
| 0 | 25 |

ਇਸ ਸਾਰਣੀ ਵਿਚ 100 ਇਕਾਈਆਂ ਆਦਾਨ ਦੀ ਮਦਦ ਨਾਲ ਉਤਪਾਦਨ ਦੇ ਜਿਹੜੇ ਗੁੱਟ ਸੰਭਵ ਹਨ, ਦਰਸਾਏ ਗਏ ਹਨ। ਆਦਾਨ ਦੀਆਂ 100 ਇਕਾਈਆਂ $Y_2$, $Y_1$ ਦਾ ਕੋਈ ਵੀ ਗੁੱਟ ਪੈਦਾ ਕਰ ਸਕਣਗੀਆਂ। ਇਸ ਅੰਕੜੇ ਨੂੰ ਚਿੱਤਰ ਰਾਹੀਂ ਪ੍ਰਗਟ ਕੀਤਾ ਗਿਆ ਹੈ।




ਇਸ ਚਿੱਤਰ ਵਿੱਚ PP' ਵਕਰ ਉਤਪਾਦਨ ਸੰਭਵਤਾ ਵਕਰ (Production Possibilities Curve) ਨੂੰ ਦਰਸਾਉਂਦਾ ਹੈ। ਇਸ ਵਕਰ ਦੀ ਢਾਲ ਇਹ ਦਰਸਾਉਂਦੀ ਹੈ ਕਿ ਸਾਧਨ ਦੇ 100 ਯੂਨਿਟ ਹੋਣ ਤੇ $Y_1$ ਦਾ ਜ਼ਿਆਦਾ ਉਤਪਾਦਨ ਕਰਨ ਲਈ $Y_2$ ਦੀ ਕੁਝ ਮਾਤਰਾ ਛੱਡਣੀ ਪੈਂਦੀ ਹੈ। ਇਸ ਨੂੰ Marginal Rate of Transformation (MRT) ਕਿਹਾ ਜਾਂਦਾ ਹੈ ਅਤੇ ਇਹ ਉਤਪਾਦਨ ਸੰਭਵਤਾ ਵਕਰ ਦੇ ਬਰਾਬਰ ਹੈ।


ਸਮ ਆਮਦਨ ਰੇਖਾ (Iso Revenue Curve) ਦੋ ਪਦਾਰਥਾਂ ਦੇ ਉਹ ਸਾਰੇ ਗੁੱਟਾਂ ਨੂੰ ਪ੍ਰਦਰਸ਼ਿਤ ਕਰਦੀ ਹੈ, ਜੋ ਜੇਕਰ ਵੇਚੇ ਜਾਣ ਤਾਂ ਆਮਦਨ ਦੀ ਇੱਕ ਨਿਸ਼ਚਤ ਮਾਤਰਾ ਪ੍ਰਾਪਤ ਹੁੰਦੀ ਹੈ। ਉਦਾਹਰਣ ਵਜੋਂ ਜੇਕਰ $Py_1$ = Rs 2 ਅਤੇ $Py_2$ = Re 1 ਤਾਂ ਆਮਦਨ ਦੇ 60 ਰੁ: $Y_1$ ਅਤੇ $Y_2$ ਦੇ ਹੇਠ ਲਿਖੇ ਗੁੱਟ ਵੇਚ ਕੇ ਪ੍ਰਾਪਤ ਕੀਤੇ ਜਾ ਸਕਦੇ ਹਨ। Slope of = $Py_1/Py_2$ Iso Revenue Curve.

| $Y_1$ ਦੀਆਂ ਇਕਾਈਆਂ | $Y_2$ ਦੀਆਂ ਇਕਾਈਆਂ |
|---|---|
| 0 | 60 |
| 10 | 40 |
| 20 | 20 |
| 30 | 0 1 |

ਜਦੋਂ ਇਸ ਅੰਕੜੇ ਨੂੰ ਹੇਠਾਂ ਦਿੱਤੇ ਰੇਖਾ ਚਿੱਤਰ ਵਿਚ ਦਰਸਾਇਆ ਜਾਂਦਾ ਹੈ ਤਾ ਰੇਖਾ, ਜੋ $Y_2$=60

ਅਤੇ $Y_1$=30 ਨੂੰ ਮਿਲਾਉਂਦੀ ਹੈ, ਉਸਨੂੰ ਸਮ-ਆਮਦਨ ਰੇਖਾ ਆਖਿਆ ਜਾਂਦਾ ਹੈ। ਇਸ ਰੇਖਾ ਦੀ ਢਲਾਨ ਕੀਮਤ ਅਨੁਪਾਤ ਤੋਂ ਪ੍ਰਾਪਤ ਕੀਤੀ ਜਾਂਦੀ ਹੈ। ਇਹ ਰੇਖਾ ਸਮ ਲਾਗਤ ਰੇਖਾ ਦੀ ਤਰ੍ਹਾਂ ਹੀ ਹੈ। ਦੋਨੋਂ ਹੀ ਸਥਿਰ ਮੁੱਲਾਂ ਨੂੰ ਦਰਸਾਉਂਦੀਆਂ ਹਨ।

Equi-marginal returns ਇਸ ਗੱਲ ਨੂੰ ਦਰਸਾਉਂਦਾ ਹੈ ਕਿ ਸਾਧਨਾਂ ਦੀ ਵੰਡ ਇਸ ਪ੍ਰਕਾਰ ਕੀਤੀ ਜਾਵੇ ਕਿ ਹਰ ਸਾਧਨ ਦੀ ਆਖਰੀ ਇਕਾਈ ਤੋਂ ਪ੍ਰਾਪਤ ਹੋਣ ਵਾਲੀ ਸੀਮਾਂਤ ਉਤਪਾਦਨ ਬਰਾਬਰ ਹੋਵੇ। ਗਣਿਤਕ ਰੂਪ ਵਿਚ ਇਸ ਨੂੰ ਹੇਠ ਲਿਖੇ ਅਨੁਸਾਰ ਦਿਖਾਇਆ ਜਾ ਸਕਦਾ ਹੈ।





$$MVPy_1 = MVPy_2 = \ldots\ldots\ldots\ldots = MVPy_2$$

**ਉਤਪਾਦ-ਉਤਪਾਦ ਸੰਬੰਧ ਦੀਆਂ ਕਿਸਮਾਂ**

Types of product-product relationship

ਜਦੋਂ ਵਪਾਰ ਵਿੱਚ ਉਤਪਾਦਾਂ ਦੀ ਬਦਲੀ ਕੀਤੀ ਜਾਂਦੀ ਹੈ ਤਾਂ ਉਤਪਾਦਨ, ਇਹਨਾਂ ਉਤਪਾਦਾਂ ਵਿੱਚ ਮੁਕਾਬਲਾਤਮਕ ਜਾਂ ਇਹੋ ਜਿਹਾ ਹੋ ਸਕਦਾ ਹੈ ਜਿਸ ਨਾਲ ਇਨ੍ਹਾਂ ਦਾ ਆਪਸ ਵਿੱਚ ਕੋਈ ਅਸਰ ਨਹੀਂ। ਜਦੋਂ ਸਾਧਨਾਂ ਨੂੰ ਇੱਕ ਉਤਪਾਦਨ ਤੋਂ ਨਿਕਲ ਕੇ ਦੂਜੇ ਉਤਪਾਦਨ ਵਿਚ ਲਗਾਇਆ ਜਾਂਦਾ ਹੈ ਅਤੇ ਜੇ ਦੋਹਾਂ ਉਤਪਾਦਾਂ ਦਾ ਉਤਪਾਦਨ ਵਧਦਾ ਹੈ ਤਾਂ ਇਸ ਸੰਬੰਧ ਨੂੰ ਪੂਰਕ ਆਖਿਆ ਜਾਂਦਾ ਹੈ। ਜਦੋਂ ਇੱਕ ਉਤਪਾਦ ਦਾ ਦੂਜੇ ਉਤਪਾਦ ਉਪਰ ਕੋਈ ਅਸਰ ਨਹੀਂ ਹੁੰਦਾ, ਤਾਂ ਇਸ ਸੰਬੰਧ ਨੂੰ ਸੰਪੂਰਨ (Supplementary) ਆਖਿਆ ਜਾਂਦਾ ਹੈ। ਵੱਖਰੇ ਉਤਪਾਦ ਆਪਸ ਵਿਚ ਮੁਕਾਬਲਾਤਮਕ ਹੁੰਦੇ ਹਨ ਜਦੋਂ ਇਕ ਦਾ ਉਤਪਾਦਨ ਵਧਣ ਨਾਲ ਦੂਜੇ ਦਾ ਘੱਟਦਾ ਹੈ।




ਚਿੱਤਰ : ਉਤਪਾਦਾਂ ਵਿਚ ਪੂਰਕ, ਸੰਪੂਰਨ ਅਤੇ ਮੁਕਾਬਲਾਤਮਕ ਸੰਬੰਧ

ਇਸ ਚਿੱਤਰ ਵਿਚ A ਅਤੇ C ਵਿਚ ਸਾਧਨਾਂ ਦਾ $Y_2$ ਤੋਂ $Y_1$ ਵੱਲ ਝੁਕਾਅ ਦੋਹਾਂ ਦੇ ਉਤਪਾਦਨ ਵਿਚ ਹੀ ਵਾਧਾ ਕਰਦਾ ਹੈ। ਕਰਵ ਦਾ ਇਹ ਭਾਗ ਦੋਹਾਂ ਉਤਪਾਦਾਂ ਵਿੱਚ ਪੂਰਕਤਾ ਨੂੰ ਦਰਸਾਉਂਦਾ ਹੈ। B ਅਤੇ D ਵਿਚ Supplementary ਸੰਬੰਧ ਪਾਇਆ ਜਾਂਦਾ ਹੈ, ਜਦੋਂ ਕੁਝ ਸਾਧਨਾਂ ਨੂੰ $Y_2$ ਦੇ ਉਤਪਾਦਨ ਲਈ ਲਾਇਆ ਜਾਂਦਾ ਹੈ, ਪਰ $Y_1$ ਦੇ ਸਾਧਨਾਂ ਨੂੰ ਪਹਿਲੀ ਮਾਤਰਾ ਵਿਚ ਹੀ ਰੱਖਿਆ ਜਾਂਦਾ ਹੈ ਤਾਂ $Y_2$ ਦੀਆਂ $Oa_5$ ਇਕਾਈਆਂ ਪੈਦਾ ਕੀਤੀਆਂ ਜਾਂਦੀਆਂ ਹਨ। C ਅਤੇ D ਵਿੱਚ ਸਾਧਨਾਂ ਨੂੰ ਜਦੋਂ $Y_2$ ਤੋਂ $Y_1$ ਵੱਲ ਲਾਇਆ ਜਾਂਦਾ ਹੈ ਤਾਂ $Y_2$ ਦਾ ਉਤਪਾਦਨ ਘੱਟਦਾ ਹੈ ਅਤੇ $Y_1$ ਦਾ ਉਤਪਾਦਨ ਵਧਦਾ ਹੈ। ਕਰਵ ਦਾ ਇਹ ਭਾਗ $Y_1$ ਅਤੇ $Y_2$ ਵਿਚ ਮੁਕਾਬਲਾਤਮਕ ਸੰਬੰਧਾਂ ਨੂੰ ਦਰਸਾਉਂਦਾ ਹੈ। ਇਸ ਕਰਵ ਦੇ ਮੁਕਾਬਲਾਤਮਕ ਭਾਗ ਉਪਰ ਹੀ ਲਾਭ ਨੂੰ ਅਧਿੱਕਤਮ ਕੀਤਾ ਜਾ ਸਕਦਾ ਹੈ। ਅਧਿਕਤਮ ਲਾਭ ਦਾ ਨਿਰਧਾਰਨ ਕਰਨ ਲਈ ਸਾਨੂੰ ਉਤਪਾਦ ਬਦਲੀ ਦੀਆਂ ਸੀਮਾਂਤ ਦਰਾਂ (mariginal rates of product substitution) ਅਤੇ ਉਤਪਾਦਾਂ ਦੀਆਂ ਕੀਮਤਾਂ ਬਾਰੇ ਗਿਆਨ ਹੋਣਾ ਚਾਹੀਦਾ ਹੈ। ਜਦੋਂ ਅਸੀਂ ਦੋ ਉਤਪਾਦਾਂ ਨੂੰ ਲੈਂਦੇ ਹਾਂ ਤਾਂ ਅਧਿੱਕਤਮ ਲਾਭ ਦਾ ਫਾਰਮੂਲਾ ਹੇਠ ਲਿਖੇ ਅਨੁਸਾਰ ਹੁੰਦਾ ਹੈ।

$MRT = Py_1/Py_2$

ਦੋ ਤੋਂ ਵੱਧ ਉਤਪਾਦਾਂ ਲਈ ਇਸ ਨੂੰ ਹੇਠ ਲਿਖੇ ਅਨੁਸਾਰ ਲਿਖਿਆ ਜਾਂਦਾ ਹੈ :

$$\frac{MVPX(y_1)}{Px} = \frac{MVPX(y_2)}{Px} = \frac{MVPX(y_n)}{Px}$$

ਸਾਰਣੀ : ਦੋ ਉਤਪਾਦਾਂ ਲਈ ਲਾਭ ਅਧਿੱਕਤਮ ਜਦੋਂ $Py_1$ = 3 Rs. ਅਤੇ $Py_2$ = Rs. 5


| | | | | MRPS | Revenue | | ਕੁੱਲ ਆਮਦਨ |
|---|---|---|---|---|---|---|---|
| $y_2$ | $y_1$ | $\Delta y_2$ | $\Delta y_1$ | $\frac{\Delta y_2}{\Delta y_1}$ | $Py_2$ | $Py_1$ | $y_1$ |
| 18 | 0 | - | - | - | 90 | 0 | 90 |
| 20 | 5 | +2 | 5 | 2/5 | 100 | 15 | 115 |
| 18 | 10 | -2 | 5 | -2/5 | 90 | 30 | 120 |
| 15.5 | 15 | -2.5 | 5 | -2.5/5 | 77.50 | 45 | 122.50 |
| 12.0 | 20 | -3.5 | 5 | 3.5/5 | 60.0 | 60 | 120 |
| 0 | 20 | -12 | 0 | -12/0 | 00.00 | 60 | 60 |

ਉਤਪਾਦਨ-ਉਤਪਾਦਨ ਹਾਲਤ ਲਈ ਲਾਭ ਅਧਿਕਤਮ ਸ਼ਰਤ $Py_1/Py_2$ = Rs.3/Rs.5 ਹੈ। ਟੇਬਲ ਸਾਰਣੀ ਵਿੱਚਲੇ ਕਾਲਮਾਂ ਨੂੰ ਦੇਖਦੇ ਹੋਏ ਅਸੀਂ ਹੇਠਾਂ ਇੱਕ ਚਿੱਤਰ ਬਣਾਇਆ ਹੈ ਜੋ ਲਾਭ ਅਧਿੱਕਤਮ ਨੂੰ ਪ੍ਰਦਰਸ਼ਿਤ ਕਰਦਾ ਹੈ। ਉਤਪਾਦਨ ਸੰਭਵਤਾ ਵਕਰ (PPC) ਸਾਨੂੰ MPRS ਦਿੰਦਾ ਹੈ ਅਤੇ ਸਮ-ਆਮਦਨ ਵਰਕ (Iso-revenue line) ਸਾਨੂੰ ਕੀਮਤ ਅਨੁਪਾਤ ਦਿੰਦਾ ਹੈ। ਉਹ ਬਿੰਦੂ ਜਿੱਥੇ ਦੋਵੇਂ ਆਪਸ ਵਿੱਚ ਸਪਰਸ਼ ਕਰਦੀਆਂ ਹਨ, ਲਾਭ ਅਧਿਕਤਮ ਕਸੌਟੀ ਨੂੰ ਪੂਰਾ ਕਰਦਾ ਹੈ ਅਤੇ ਦੋ ਉਤਪਾਦਾਂ ਦਾ ਸਭ ਤੋਂ ਲਾਭਦਾਇਕ ਗੁੱਟ ਬਾਰੇ ਦੱਸਦਾ ਹੈ।

ਸਮ-ਆਮਦਨ ਵਕਰ, ਅਧਿੱਕਤਮ ਸੰਭਵ ਆਮਦਨ 122.50 ਨੂੰ $Py_2$ ਅਤੇ $Py_1$ ਨਾਲ ਵੰਡ ਕੇ ਨਿਰਧਾਰਤ ਕੀਤਾ ਗਿਆ ਹੈ।

Rs. 122.50/Rs. 5 = 24.5 ਅਤੇ 122.5/Rs. 3=40.8

ਇਸ ਤਰ੍ਹਾਂ ਅਸੀਂ ਦੋਹਾਂ ਬਿੰਦੂਆਂ ਨੂੰ ਮਿਲਾ ਕੇ ਸਮ-ਆਮਦਨ ਵਕਰ ਤਿਆਰ ਕਰਦੇ ਹਾਂ, P ਅਤੇ $Y_1$, $Y_2$ ਦਾ ਕੋਈ ਹੋਰ ਗੁੱਟ Rs. 122.50 ਦੀ ਆਮਦਨ ਨਹੀਂ ਦੇਵੇਗਾ।



**ਸਾਰਾਂਸ਼ :**

ਉਤਪਾਦਨ ਇੱਕ ਵਸਤਾਂ ਅਤੇ ਸੇਵਾਵਾਂ ਪ੍ਰਦਾਨ ਕਰਨ ਦੀ ਪ੍ਰਕ੍ਰਿਆ ਹੈ ਜੋ ਉਪਭੋਗੀਆਂ ਲਈ ਮਹੱਤਵਪੂਰਣ ਹੈ। ਇਸ ਪਾਠ ਵਿੱਚ ਅਸੀਂ, ਇਸ ਗੱਲ ਬਾਰੇ ਵਿਚਾਰ ਕੀਤਾ ਹੈ ਕਿ ਫਰਮ ਆਪਣੀ ਲਾਗਤ ਨੂੰ ਘੱਟ ਤੋਂ ਘੱਟ ਅਤੇ ਆਪਣੇ ਲਾਭ ਵੱਧ ਤੋਂ ਵੱਧ ਕਰਨ ਦਾ ਉਪਰਾਲਾ ਕਰਦੀ ਹੈ। ਘੱਟ ਤੋਂ ਘੱਟ ਲਾਗਤ ਤੇ ਉਤਪਾਦਨ ਪ੍ਰਾਪਤ ਕਰਨ ਲਈ ਵਾਧੂ ਉਤਪਾਦਨ (Additional output) ਉਪਰ ਖਰਚ ਕੀਤਾ ਵਾਧੂ ਰੁਪਈਆ, ਕਿਸੇ ਹੋਰ ਆਦਾਨ ਤੇ ਵਾਧੂ ਰੁਪਈਆ ਖਰਚ ਕਰਕੇ ਜੋ ਉਤਪਾਦਨ ਹੁੰਦਾ ਹੈ, ਦੇ ਬਰਾਬਰ ਹੋਣਾ ਚਾਹੀਦਾ ਹੈ। ਕੁਝ ਧਾਰਾਵਾਂ ਜਿਵੇਂ ਉਤਪਾਦਨ ਫਲਨ, ਸਮ-ਉਤਪਾਦ ਅਤੇ ਸਮ ਲਾਗਤ ਵਕਰ, ਇੱਕ ਆਦਾਨ ਦਾ ਦੂਜੇ ਆਦਾਨ ਲਈ MRS ਆਦਿ ਦਾ ਘੱਟ ਤੋਂ ਘੱਟ ਲਾਗਤ ਗੁੱਟਾਂ ਨੂੰ ਪ੍ਰਾਪਤ ਕਰਨ ਲਈ ਵਿਕਾਸ ਕੀਤਾ ਗਿਆ। ਆਦਾਨਾਂ ਦਾ ਘੱਟ ਤੋਂ ਘੱਟ ਲਾਗਤ ਦਾ ਗੁੱਟ, ਉਤਪਾਦਨ ਦੇ ਇੱਕ ਨਿਸ਼ਚਿਤ ਪੱਧਰ ਤੇ ਉਸ ਬਿੰਦੂ ਤੇ ਹੁੰਦਾ ਹੈ ਜਿਥੇ ਸਮਉਤਪਾਦ ਵਕਰ, ਸਮਲਾਗਤ ਵਰਕ ਦੇ ਬਰਾਬਰ ਹੁੰਦੀ ਹੈ। ਇਸ ਬਿੰਦੂ ਤੇ MRS ਦੋਹਾਂ ਆਦਾਨਾਂ ਦੀ ਸੀਮਾਂਤ ਉਤਪਾਦਕਤਾ ਦੇ ਅਨੁਪਾਤ ਦੇ ਬਰਾਬਰ ਹੁੰਦਾ ਹੈ ਅਤੇ ਇਹ ਅਦਾਨਾਂ ਦੀ ਕੀਮਤ ਅਨੁਪਾਤ ਦੇ ਵੀ ਬਰਾਬਰ ਹੁੰਦੀ ਹੈ।

ਉਤਪਾਦਨ ਦੇ ਉਹ ਗੁੱਟ ਪ੍ਰਾਪਤ ਕਰਨ ਲਈ ਜੋ ਲਾਭ ਨੂੰ ਅਧਿੱਕਤਮ ਕਰਦੇ ਹਨ, ਉਤਪਾਦਨ ਸੰਭਵਤਾ ਵਕਰ (Production Possibility Curve) ਅਤੇ ਸਮ-ਆਮਦਨ ਵਕਰ (Iso-revenue curve) ਦੀਆਂ ਧਾਰਨਾਵਾਂ ਵਿਕਸਤ ਕੀਤੀਆਂ ਗਈਆਂ ਹਨ। ਉਤਪਾਦਨ ਸੰਭਵਤਾ ਵਕਰ ਦੇ ਮੁਕਾਬਲਾਤਮਕ ਭਾਗ (Competitive portion) ਤੇ ਅਧਿੱਕਤਮ ਕੀਤਾ ਜਾਂਦਾ ਹੈ ਜਿਥੇ MRT ਅਤੇ ਵਸਤਾਂ ਦੀਆਂ ਕੀਮਤਾਂ ਦਾ ਗਿਆਨ ਹੋਣਾ ਜ਼ਰੂਰੀ ਹੈ ਅਤੇ ਉਹ ਬਿੰਦੂ ਜਿਥੇ ਇਹ ਦੋਵੇਂ ਸਪਰਸ਼ ਕਰਦੇ ਹਨ ਅਧਿੱਕਤਮ ਲਾਭ ਦਾ ਬਿੰਦੂ ਹੁੰਦਾ ਹੈ ਅਤੇ ਸਾਨੂੰ ਦੋ ਵਸਤਾਂ ਦੇ ਅਧਿੱਕਤਮ ਲਾਭ ਵਾਲੇ ਗੁੱਟ ਬਾਰੇ ਦੱਸਦਾ ਹੈ।

**ਪਾਠ ਨੰਬਰ : 2.3** **ਲੇਖਿਕਾ : ਡਾ. ਮਨੀਸ਼ਾ**

# ਖੇਤੀ ਵਿੱਚ ਜ਼ੋਖਮ ਅਤੇ ਅਨਿਸ਼ਚਿਤਤਾ

**2.3.1 ਭੂਮਿਕਾ**
**2.3.2 ਪਾਠ ਦੇ ਉਦੇਸ਼**
**2.3.3 ਜ਼ੋਖਮ ਅਤੇ ਅਨਿਸ਼ਚਿਤਤਾ ਦੀ ਪਰਿਭਾਸ਼ਾ**
**2.3.4 ਜ਼ੋਖਮ ਅਤੇ ਅਨਿਸ਼ਚਿਤਤਾ ਵਿਚਾਲੇ ਅੰਤਰ**
**2.3.5 ਜ਼ੋਖਮ ਅਤੇ ਅਨਿਸ਼ਚਿਤਤਾ ਦੀਆਂ ਕਿਸਮਾਂ**
**2.3.6 ਅਨਿਸ਼ਚਿਤਤਾ ਨੂੰ ਕਾਬੂ ਕਰਨ ਵਾਲੇ ਉਪਰਾਲੇ**
**2.3.7 ਸਰਕਾਰੀ ਉਪਰਾਲੇ**
**2.3.8 ਸੁਝਾਅ**
**2.3.9 ਸਾਰਾਂਸ਼**
**2.3.10 ਸ਼ਬਦਾਵਲੀ2.4**
**2.3.11 ਛੋਟੇ ਉੱਤਰਾਂ ਵਾਲੇ ਪ੍ਰਸ਼ਨ**
**2.3.12 ਲੰਬੇ ਉੱਤਰਾਂ ਵਾਲੇ ਪ੍ਰਸ਼ਨ**
**2.3.13 ਪੜ੍ਹਨ ਯੋਗ ਪੁਸਤਕਾਂ**

**2.3.1 ਭੂਮਿਕਾ:** ਖੇਤੀ ਦੇ ਖੇਤਰ ਨੂੰ ਅਰਥਵਿਵਸਥਾ ਦੇ ਹੋਰਨਾਂ ਖੇਤਰਾਂ ਤੋਂ ਵੱਖਰੇ ਕਰਨ ਦਾ ਇੱਕ ਮੁੱਖ ਕਾਰਨ ਹੈ ਕੁਦਰਤ ਦਾ ਇਸ ਖੇਤਰ ਵਿੱਚ ਅਹਿਮ ਰੋਲ ਅਦਾ ਕਰਨਾ। ਖੇਤੀ ਦਾ ਜੀਵ ਵਿਗਿਆਨਕ ਸੁਭਾਅ ਹੋਣਾ, ਖੇਤੀ ਦੇ ਖੇਤਰ ਵਿੱਚ ਜ਼ੋਖਮ ਅਤੇ ਅਨਿਸ਼ਚਿਤਤਾ ਨੂੰ ਹੋਰ ਵਧਾਉਂਦਾ ਹੈ। ਮੀਂਹ, ਹੜ੍ਹ, ਸੋਕਾ, ਬੀਮਾਰੀਆਂ ਖੇਤੀ ਦੇ ਉਤਪਾਦਨ ਉੱਤੇ ਪ੍ਰਭਾਵ ਪਾਉਂਦੇ ਹਨ। ਖੇਤੀ ਵਿੱਚ ਆਦਾਨ ਉਤਪਾਦਨ ਸੰਬੰਧਾਂ ਬਾਰੇ ਭਵਿੱਖਬਾਣੀ ਨਹੀਂ ਕੀਤੀ ਜਾ ਸਕਦੀ। ਖੇਤੀ ਦੇ ਜੀਵਨ ਵਿਗਿਆਨਕ ਪ੍ਰਭਾਵ ਕਰਕੇ ਹੀ ਅਨਿਸ਼ਚਿਤਤਾਵਾਂ ਪੈਦਾ ਹੁੰਦੀਆਂ ਹਨ। ਇਹ ਜ਼ੋਖਮ ਅਤੇ ਅਨਿਸ਼ਚਿਤਤਾਵਾਂ ਉਤਪਾਦਨ, ਕੀਮਤਾਂ ਅਤੇ ਆਦਾਨਾਂ ਨਾਲ ਸੰਬੰਧਿਤ ਹੁੰਦੀਆਂ ਹਨ।

**2.3.2 ਪਾਠ ਦੇ ਉਦੇਸ਼:** ਇਸ ਪਾਠ ਵਿੱਚ ਅਸੀਂ ਪੜ੍ਹਾਗੇਂ ਜ਼ੋਖਮ ਅਤੇ ਅਨਿਸ਼ਚਿਤਤਾਵਾਂ, ਇਨ੍ਹਾਂ ਦੀਆਂ ਕਿਸਮਾਂ ਖੇਤੀ ਉੱਤੇ ਜ਼ੋਖਮ ਅਤੇ ਅਨਿਸ਼ਚਿਤਤਾਵਾਂ ਦਾ ਅਸਰ ਅਤੇ ਇਨ੍ਹਾਂ ਨਾਲ ਨਜੀਠਣ ਦੇ ਉਪਰਾਲੇ।

**2.3.3 ਜ਼ੋਖਮ ਅਤੇ ਅਨਿਸ਼ਚਿਤਤਾ ਦੀ ਪਰਿਭਾਸ਼ਾ:** ਕਈ ਵਾਰ ਅਸੀਂ ਇਨ੍ਹਾਂ ਅੱਖਰਾਂ ਨੂੰ ਇੱਕ ਦੂਜੇ ਦੀ ਥਾਂ ਵੀ ਵਰਤ ਲੈਂਦੇ ਹਾਂ ਪਰ ਅਰਥਵਿਗਿਆਨ ਵਿੱਚ ਦੋਵਾਂ ਦਾ ਮਤਲਬ ਅਲਗ ਹੈ।

**2.3.3.1** **ਜ਼ੋਖਮ:** ਜ਼ੋਖਮ ਤੋਂ ਭਾਵ ਹੈ ਕਿਸੇ outcome ਜਾਂ ਨੁਕਸਾਨ ਨੂੰ ਹੋਣ ਜਾਂ ਨਾ ਹੋਣ ਨੂੰ ਮਾਪਣਾ ਪਰ ਇਸ ਨੂੰ ਸੌ ਫੀਸਦੀ ਮਾਪਿਆ ਨਹੀਂ ਜਾ ਸਕਦਾ। ਇਸ ਲਈ ਪਿਛਲੇ ਤਜਰਬਿਆਂ ਦੇ ਆਧਾਰ ਉੱਤੇ ਆਉਣ ਵਾਲੇ ਸਮੇਂ ਦੇ ਉਤਪਾਦਨ, ਫਾਇਦੇ, ਨੁਕਸਾਨ ਨੂੰ ਮਾਪਿਆ ਜਾ ਸਕਦਾ ਹੈ।

**2.3.3.2** **ਅਨਿਸ਼ਚਿਤਤਾ:** ਜ਼ੋਖਮ ਤੋਂ ਉਲਟ, ਅਨਿਸ਼ਚਿਤਤਾ ਭਵਿੱਖ ਵਿੱਚ ਹੋਣ ਵਾਲੀਆਂ ਘਟਨਾਵਾਂ ਦੇ ਹੋਣ ਜਾ ਨਾ ਹੋਣ ਨੂੰ ਮਾਤਰਾਤਮਕ ਰੂਪ ਵਿੱਚ ਨਹੀਂ ਮਾਪ ਸਕਦੇ ਅਤੇ ਨਾਂ ਹੀ ਇਨ੍ਹਾਂ ਬਾਰੇ ਭਵਿੱਖਬਾਣੀ ਕੀਤੀ ਜਾ ਸਕਦੀ ਹੈ। ਇਨ੍ਹਾਂ ਦਾ ਬੀਮਾ ਵੀ ਨਹੀਂ ਕੀਤਾ ਜਾ ਸਕਦਾ।

**2.3.4 ਜ਼ੋਖਮ ਅਤੇ ਅਨਿਸ਼ਚਿਤਤਾ ਵਿੱਚ ਅੰਤਰ:** ਜਿਵੇਂ ਪਹਿਲਾਂ ਵੀ ਦੱਸਿਆ ਗਿਆ ਹੈ ਕਿ ਦੋਵੇਂ ਇੱਕ ਦੂਜੇ ਦੀ ਥਾਂ ਤੇ ਵਰਤੇ ਜਾਂਦੇ ਹਨ ਪਰ ਫਿਰ ਵੀ ਇਨ੍ਹਾਂ ਵਿੱਚ ਅੰਤਰ ਹੈ। ਦੋਵੇਂ ਹੀ ਭਵਿੱਖ ਨਾਲ ਸੰਬੰਧਿਤ ਹਨ, ਇਨ੍ਹਾਂ ਦਾ ਹੋਣਾ ਜਾਂ ਨਾ ਹੋਣਾ ਪਿਛਲੇ ਤਜਰਬਿਆਂ ਤੋਂ ਪਤਾ ਲਗਾਇਆ ਜਾ ਸਕਦਾ ਹੈ। ਉਦਾਹਰਣ ਦੇ ਤੌਰ ਤੇ ਇਕ ਪੋਲਟਰੀ ਫਾਰਮਰ ਨੂੰ ਪਿਛਲੇ ਤਜਰਬੇ ਤੋਂ ਪਤਾ ਲੱਗ ਜਾਂਦਾ ਹੈ ਕਿ ਉਤਪਾਦਨ ਤੋਂ ਬਾਦ, ਮੰਡੀ ਵਿੱਚ ਲੈ ਕੇ ਜਾਣ ਵੇਲੇ ਕਿੰਨੇ ਅੰਡੇ ਟੁੱਟ ਗਏ ਸਨ। ਇਨ੍ਹਾਂ ਗੱਲਾਂ ਦਾ ਪਹਿਲਾਂ ਪਤਾ ਲਗਾਇਆ ਜਾ ਸਕਦਾ ਹੈ ਇਸ ਨੂੰ ਜੋਖਮ ਕਹਿੰਦੇ ਹਨ ਅਨਿਸ਼ਚਿਤਤਾ ਨਹੀਂ। ਦੂਜੇ ਪਾਸੇ ਕਿਸੇ ਜਗ੍ਹਾ ਉੱਤੇ ਸੋਕਾਹ ਪੈਣਾ, ਹੜ੍ਹ ਆਉਣਾ ਜਾਂ ਭੂਚਾਲ ਆਉਣ ਦਾ ਪਿਛਲੇ ਤਜ਼ਰਬਿਆਂ ਤੋਂ ਪਤਾ ਨਹੀਂ ਲਗਾਇਆ ਜਾ ਸਕਦਾ ਭਾਵੇਂ ਕਿਸੇ ਥਾਂ ਉੱਤੇ ਪਿਛਲੇ ਸਮੇਂ ਵਿੱਚ ਇਨ੍ਹਾਂ ਦਾ ਮਾੜਾ ਅਸਰ ਰਿਹਾ ਹੋਵੇ ਫਿਰ ਵੀ ਕੋਈ ਕਿਸਾਨ ਜਾਂ ਏਜੰਸੀ ਇਨ੍ਹਾਂ ਬਾਰੇ ਭਵਿੱਖਬਾਣੀ ਨਹੀਂ ਕਰ ਸਕਦੀ। ਜ਼ੋਖਮ ਦਾ ਪਤਾ ਪਿਛਲੀਆਂ ਘਟਨਾਵਾਂ ਦੇ ਆਧਾਰ ਤੇ ਲਗਾਇਆ ਜਾ ਸਕਦਾ ਹੈ, ਇਸ ਕਰਕੇ ਉਤਪਾਦਕ ਬੀਮਾ ਕਰਵਾ ਸਕਦਾ ਹੈ, ਬੀਮਾ ਥੋੜੀ ਜਿਹੀ ਰਾਸ਼ੀ ਦੇ ਕੇ ਹੋ ਜਾਂਦਾ ਹੈ ਅਤੇ ਇਸ ਰਾਸ਼ੀ ਨੂੰ ਉਤਪਾਦਨ ਦੀ ਲਾਗਤ ਵਿੱਚ ਪਾ ਦਿੱਤਾ ਜਾਂਦਾ ਹੈ,

ਦੂਜੇ ਸ਼ਬਦਾਂ ਵਿੱਚ ਜ਼ੋਖਮ ਨੂੰ ਬੀਮਾਂ ਕੰਪਨੀਆਂ ਉੱਤੇ ਟਰਾਂਸਫਰ ਕਰ ਦਿੱਤਾ ਜਾਂਦਾ ਹੈ। ਪਰ ਸੋਕਾ, ਬੀਮਾਰੀਆਂ, ਹੜ੍ਹ ਅਤੇ ਕੀਮਤਾਂ ਦੇ ਉਤਾਰ ਚੜ੍ਹਾਅ ਤੋਂ ਹੋਣ ਵਾਲੀਆਂ ਘਟਨਾਵਾਂ ਦਾ ਅਤੇ ਉਨ੍ਹਾਂ ਦੇ ਨਤੀਜਿਆਂ ਦਾ ਪਹਿਲਾਂ ਤੋਂ ਪਤਾ ਨਹੀਂ ਲਗਾਇਆ ਜਾ ਸਕਦਾ, ਇਹ ਕੁਝ ਅਨਿਸ਼ਚਿਤਤਾ ਦੇ ਉਦਾਹਰਣ ਹਨ।

**ਸਵੈ ਅਭਿਆਸ ਪ੍ਰਸ਼ਨ**

**ਪ੍ਰ:1 ਅਨਿਸ਼ਚਿਤਤਾ ਉੱਤੇ ਇੱਕ ਨੋਟ ਲਿਖੋ।**

**ਪ੍ਰ:2 ਜ਼ੋਖਮ ਅਤੇ ਅਨਿਸ਼ਚਿਤਤਾ ਵਿੱਚ ਕੀ ਅੰਤਰ ਹੈ?**

**2.3.12 ਜ਼ੋਖਮ ਅਤੇ ਅਨਿਸ਼ਚਿਤਤਾ ਦੀਆਂ ਕਿਸਮਾਂ:** ਜ਼ੋਖਮ ਜ਼ਿਆਦਾਤਰ ਕੁਦਰਤੀ ਕਾਰਕਾਂ ਕੀਮਤਾਂ ਦੇ ਉਤਾਰ-ਚੜ੍ਹਾਓ ਅਤੇ ਸਾਧਨਾਂ ਦੇ ਮਿਲਣ ਜਾਂ ਨਾਂ ਮਿਲਣ ਕਰਕੇ ਹੁੰਦਾ ਹੈ। ਇਹ ਹੇਠ ਲਿਖੇ ਚਾਰ ਤਰ੍ਹਾਂ ਦਾ ਹੋ ਸਕਦਾ ਹੈ:

(1) **ਉਤਪਾਦਨ ਜ਼ੋਖਮ:** ਜਦੋਂ ਫਸਲ ਮੀਂਹ ਦੀ ਘਾਟ, ਤਾਪਮਾਨ, ਨਮੀ, ਕੀੜਿਆਂ ਦੇ ਹਮਲੇ ਜਾਂ ਖੇਤੀ ਦੇ ਆਦਾਨ ਨਾਂ ਮਿਲਣ ਕਰਕੇ ਆਮ ਪੱਧਰ ਤੋਂ ਵੀ ਘੱਟ ਜਾਂਦੀ ਹੈ ਤਾਂ ਉਤਪਾਦਨ ਜ਼ੋਖਮ ਹੁੰਦਾ ਹੈ।

(2) **ਉਤਪਾਦ ਕੀਮਤ ਦੇ ਘੱਟ ਜਾਣ ਦਾ ਜ਼ੋਖਮ:** ਕਿਸੇ ਵੀ ਉਤਪਾਦ ਨੂੰ ਇੱਕ ਨਿਸ਼ਚਿਤ ਕੀਮਤ ਤੇ ਵੇਚਿਆ ਜਾਂਦਾ ਹੈ ਪਰ ਵੇਚਣ ਦੇ ਸਮੇਂ ਕੀਮਤਾਂ ਘੱਟ ਜਾਂਦੀਆਂ ਹਨ। ਕੀਮਤਾਂ ਜਿਵੇਂ ਕਿ ਅਸੀਂ ਜਾਣਦੇ ਹਾਂ ਕਿ ਮੰਡੀ ਦੀ ਸ਼ਕਤੀਆਂ (ਮੰਗ ਅਤੇ ਪੂਰਤੀ) ਦੁਆਰਾ ਨਿਰਧਾਰਿਤ ਕੀਤੀਆਂ ਜਾਂਦੀਆਂ ਹਨ। ਮੰਗ ਅਤੇ ਪੂਰਤੀ ਨੂੰ ਪ੍ਰਭਾਵਿਤ ਕਰਨ ਵਾਲੇ ਕਾਰਕ ਕੀਮਤ ਦੇ ਘੱਟ ਜਾਣ ਦੇ ਜ਼ੋਖਮ ਦਾ ਕਾਰਣ ਬਣਦੇ ਹਨ।

(3) **ਅਸਲ ਪ੍ਰਤੀਫਲ ਦੇ ਘੱਟ ਜਾਣ ਦਾ ਜ਼ੋਖਮ:** ਕਿਸੇ ਫਸਲ ਦੇ ਪੱਕ ਕੇ ਤਿਆਰ ਹੋਣ ਵਿੱਚ ਲੱਗਣ ਵਾਲਾ ਸਮਾਂ ਲੰਬਾ ਹੁੰਦਾ ਹੈ ਜਿਵੇਂ ਕਿ ਫਲਾਂ ਦੀਆਂ ਫਸਲਾਂ। ਲਾਗਤ ਪਹਿਲਾਂ ਲੱਗਦੀ ਹੈ ਅਤੇ ਫਸਲ ਪੱਕਣ ਤੇ (ਲੰਬੇ ਸਮੇਂ ਬਾਦ) ਪ੍ਰਤੀਫਲ ਮਿਲਦਾ ਹੈ ਤੇ ਜੇਕਰ ਧਨ ਦਾ ਮੁੱਲ ਘੱਟ ਜਾਵੇ ਤਾਂ ਅਸਲ ਮੁੱਲ ਡਿੱਗ ਜਾਵੇਗਾ ਅਤੇ ਕਿਸਾਨ ਨੂੰ ਨੁਕਸਾਨ ਹੋਵੇਗਾ।

(4) **ਆਦਾਨ ਦੇ ਨਾਂ ਮਿਲਣ ਦਾ ਜ਼ੋਖਮ:** ਜਦੋਂ ਕਿਸੇ ਵਸਤੂ ਦੇ ਉਤਪਾਦਨ ਵਾਸਤੇ ਆਦਾਨ ਨਾਂ ਮਿਲਣ ਤਾਂ ਜ਼ੋਖਮ ਹੁੰਦਾ ਹੈ, ਇਸ ਕਰਕੇ ਉਤਪਾਦਨ ਦੀ ਲਾਗਤ ਵੱਧ ਜਾਂਦੀ ਹੈ ਅਤੇ ਕਿਸਾਨ ਦਾ ਲਾਭ ਘੱਟ ਜਾਂਦਾ ਹੈ।

**ਅਨਿਸ਼ਚਿਤਤਾ ਦੀਆਂ ਕਿਸਮਾਂ:** ਅਨਿਸ਼ਚਿਤਤਾਵਾਂ ਮੁੱਢ ਤੋਰ ਤੇ ਚਾਰ ਕਿਸਮਾਂ ਦੀ ਹੁੰਦੀ ਹੈ। ਇਹ ਉਦੋਂ ਪੈਦਾ ਹੁੰਦੀ ਹੈ ਜਦੋਂ ਉਤਪਾਦਕ ਉਤਪਾਦਨ ਸ਼ੁਰੂ ਕਰਦਾ ਹੈ ਅਤੇ ਉਤਪਾਦ ਦਾ ਭਵਿੱਖ ਵਿੱਚ ਇੰਤਜ਼ਾਰ ਕਰ ਰਿਹਾ ਹੁੰਦਾ ਹੈ।

(1) **ਉਤਪਾਦਨ ਅਨਿਸ਼ਚਿਤਤਾ:** ਇਹ ਅਨਿਸ਼ਚਿਤਤਾ ਖੇਤੀ ਦੇ ਖੇਤਰ ਵਿੱਚ, ਖੇਤੀ ਦੇ ਜੀਵ-ਵਿਗਿਆਨਕ ਸੁਭਾਅ ਕਰਕੇ ਹੁੰਦੀ ਹੈ। ਇਸ ਕਰਕੇ ਖੇਤੀ ਉਤਪਾਦਨ ਜ਼ਿਆਦਾਤਰ ਕੁਦਰਤੀ ਕਾਰਕਾਂ ਤੇ ਨਿਰਭਰ ਕਰਦਾ ਹੈ। ਹੜ੍ਹ, ਸੋਕਾ, ਬੀਮਾਰੀਆਂ ਆਦਿ ਇੱਕ ਦਮ ਹੀ

ਬਿਨ੍ਹਾਂ ਕਿਸੇ ਚੇਤਾਵਨੀ ਦੇ ਫਸਲ ਖਰਾਬ ਕਰ ਦਿੰਦੇ ਹਨ। ਖੇਤੀ ਵਿੱਚ ਪਸ਼ੂ ਪਾਲਣ ਉੱਤੇ ਕੁਦਰਤੀ ਕਾਰਕਾਂ ਦਾ ਜ਼ਿਆਦਾ ਅਸਰ ਨਹੀਂ ਹੈ ਪਰ ਫਿਰ ਵੀ ਬਹੁਤ ਜ਼ਿਆਦਾ ਸਰਦੀ ਅਤੇ ਬਹੁਤ ਗਰਮੀ ਦਾ ਪਸ਼ੂਆਂ ਉੱਤੇ ਮਾੜਾ ਅਸਰ ਪੈਦਾ ਹੈ।

(2) **ਕੀਮਤ ਅਨਿਸ਼ਚਿਤਤਾ:** ਕਿਸਾਨ ਦਾ ਕੀਮਤ ਉੱਤੇ ਕੋਈ ਕਾਬੂ ਨਹੀਂ ਹੁੰਦਾ ਕਿਉਂਕਿ ਕੀਮਤ ਮੰਡੀ ਦੀਆਂ ਸ਼ਕਤੀਆਂ ਦੁਆਰਾ ਨਿਰਧਾਰਿਤ ਕੀਤੀਆਂ ਜਾਂਦੀਆਂ ਹਨ। ਕਿਸਾਨ ਕੀਮਤ ਲੈਣ ਵਾਲਾ ਹੁੰਦਾ ਹੈ ਨਾਂ ਕਿ ਕੀਮਤ ਤੈਅ ਕਰਨ ਵਾਲਾ ਹੁੰਦਾ ਹੈ। ਕਿਸੇ ਵਸਤੂ ਦੀ ਕੀਮਤ ਉਸ ਦੀ ਮੰਗ ਜਾਂ ਪੂਰਤੀ ਕਰਕੇ ਵਧਦੀ ਜਾਂ ਘਟਦੀ ਹੈ। ਮੌਸਮ ਦੇ ਬਦਲਣ ਕਾਰਨ ਕੀਮਤ ਵਿੱਚ ਉਤਾਰ ਚੜ੍ਹਾਅ ਆਉਂਦੇ ਹਨ।

(3) **ਮਿਆਦੀ ਅਨਿਸ਼ਚਿਤਤਾ:** ਖੇਤੀ ਦੇ ਖੇਤਰ ਵਿੱਚ ਜ਼ਮੀਨ ਮੁਜ਼ਾਰਿਆਂ ਨੂੰ ਦਿੱਤੀ ਹੁੰਦੀ ਹੈ, ਮੁਜ਼ਾਰਿਆਂ ਨੂੰ ਇਹ ਨਹੀਂ ਪਤਾ ਹੁੰਦਾ ਕਿ ਜ਼ਮੀਨ ਕਿੰਨੀ ਦੇਰ ਉਨ੍ਹਾਂ ਕੋਲ ਰਹੇਗੀ ਇਸ ਕਰਕੇ ਉਹ ਜ਼ਮੀਨ ਦੇ ਉੱਤੇ ਕੋਈ ਲੰਬੇ ਕਾਲ ਲਈ ਸੁਧਾਰ ਨਹੀਂ ਕਰਦੇ ਕਿਉਂਕਿ ਉਨ੍ਹਾਂ ਨੂੰ ਨਹੀਂ ਪਤਾ ਹੁੰਦਾ ਕਿ ਉਹ ਜੇ ਕੋਈ ਇੰਪਰੂਵਮੈਂਟ ਕਰਨਗੇ ਤਾਂ ਉਸਦਾ ਪ੍ਰਤੀਫਲ ਵੀ ਉਹ ਲੈ ਪਾਉਣਗੇ ਜਾਂ ਨਹੀਂ।

(4) **ਆਦਾਨ ਦੀ ਕੀਮਤ/ਗੁਣਾਤਮਕ ਬਾਰੇ ਅਨਿਸ਼ਚਿਤਤਾ:** ਇਹ ਅਨਿਸ਼ਚਿਤਤਾ ਪੂੰਜੀ ਆਦਾਨਾਂ ਲਈ ਹੁੰਦੀ ਹੈ ਕਿਹੜੇ ਕਿ ਮਹਿੰਗੇ ਹੁੰਦੇ ਹਨ ਅਤੇ ਜਲਦੀ-ਜਲਦੀ ਗੁਣਾਤਮਕ ਸੁਧਾਰ ਮੰਗਦੇ ਹਨ।

**ਸਵੈ ਅਭਿਆਸ ਪ੍ਰਸ਼ਨ**

**ਪ੍ਰ:3 ਜ਼ੋਖਮ ਦੀ ਕਿਸਮਾਂ ਬਾਰੇ ਲਿਖੋ।**

**ਪ੍ਰ:4 ਅਨਿਸ਼ਚਿਤਤਾ ਦੀਆਂ ਕਿਹੜੀਆਂ ਕਿਸਮਾਂ ਹਨ?**

**2.3.6 ਅਨਿਸ਼ਚਿਤਤਾ ਨੂੰ ਨਜੀਠਣ ਦੇ ਉਪਰਾਲੇ:** ਕੀਮਤਾਂ ਅਤੇ ਉਤਪਾਦਨ ਦੀ ਅਨਿਸ਼ਚਿਤਤਾ ਖੇਤੀ ਦੇ ਵਪਾਰ ਦੇ ਉੱਤੇ ਬਹੁਤ ਪ੍ਰਭਾਵ ਪਾਉਂਦੀ ਹੈ। ਉਹ ਬਹੁਤ ਅਜਿਹੇ ਕਦਮ ਚੁੱਕਦੇ ਹਨ ਜਿਸ ਨਾਲ ਅਨਿਸ਼ਚਿਤਤਾ ਨੂੰ ਖਤਮ ਕੀਤਾ ਜਾ ਸਕੇ ਪਰ ਇਨ੍ਹਾਂ ਸਾਰਿਆਂ ਪਿੱਛੇ ਇੱਕ ਲਾਗਤ ਆਉਂਦੀ ਹੈ ਜਿਸ ਨੂੰ ਕਿਸਾਨ ਹੀ ਬਰਦਾਸ਼ਤ ਕਰਦਾ ਹੈ ਉਸਦਾ ਲਾਭ ਘੱਟ ਹੋ ਸਕਦਾ ਹੈ। ਕੁਝ ਹੇਠ ਲਿਖੇ ਉਪਰਾਲਿਆਂ ਨਾਲ ਖੇਤੀ ਦੀ ਅਨਿਸ਼ਚਿਤਤਾ ਨੂੰ ਕਾਬੂ ਕੀਤਾ ਜਾ ਸਕਦਾ ਹੈ:

(1) **ਵਿਭਿੰਨਤਾ:** ਖੇਤੀ ਵਿੱਚ ਵਿਭਿੰਨਤਾ ਤੋਂ ਭਾਵ ਹੈ ਕਿ ਇੱਕੋ ਸਮੇਂ ਕਿਸਾਨ ਬਹੁਤ ਸਾਰੇ ਖੇਤਾਂ ਨਾਲ ਸੰਬੰਧਿਤ ਕਾਰਵਾਈਆਂ ਕਰ ਰਿਹਾ ਹੁੰਦਾ ਹੈ ਤਾਂ ਜੋ ਉਸ ਨੂੰ ਇੱਕ ਫਸਲ ਵਿੱਚ ਨੁਕਸਾਨ ਹੋ ਵੀ ਜਾਵੇ ਤਾਂ ਵੀ ਉਸ ਦਾ ਕੁਝ ਨੁਕਸਾਨ ਥੋੜਾ ਹੀ ਹੋਵੇ। ਵਿਭਿੰਨਤਾ ਲਿਆਉਣ ਨਾਲ ਕਿਸਾਨ ਆਪਣੀ ਕੁਲ ਆਮਦਨ ਵਿੱਚ ਵਿਚਲਣ ਦੇ ਆਉਣ ਦੀ ਸੰਭਾਵਨਾ ਨੂੰ ਘੱਟ ਕਰਨ ਦੀ ਕੋਸ਼ਿਸ਼ ਅਤੇ ਆਸ਼ਾ ਰੱਖਦਾ ਹੈ ਕਿਉਂਕਿ ਇੱਕੋ ਵੇਲੇ ਹੀ ਸਾਰੇ ਪਦਾਰਥਾਂ ਦੀ ਕੀਮਤ ਨਹੀਂ ਬਦਲ ਸਕਦੀ।

(2) **ਲਚਕੀਲਾਪਣ:** ਖੇਤੀ ਵਿੱਚ ਲਚਕੀਲੇਪਣ ਤੋਂ ਭਾਵ ਹੈ ਕਿ ਖੇਤੀ ਪ੍ਰਣਾਲੀ ਵਿੱਚ ਕਿਸਾਨ ਬਿਨਾਂ ਕਿਸੇ ਲਾਗਤ ਇੱਕ ਦੇ ਕੰਮ ਵਿੱਚੋਂ ਨਿਕਲ ਕੇ (ਇੱਕ ਫਸਲ ਤੋਂ ਦੂਜੀ ਫਸਲ ਵੱਲ) ਦੂਜੇ ਕੰਮ ਵਿੱਚ ਜਾ ਸਕਦਾ ਹੈ ਜੇਕਰ ਆਰਥਿਕ ਹਾਲਤਾਂ ਉਸਦੇ ਪੱਖ ਵਿੱਚ ਹੋਣ ਜਿਵੇਂ ਗਾਂ ਦਾ ਮਾਸ ਵੇਚਣ ਦੀ ਥਾਂ ਕਿਸਾਨ ਦੁੱਧ ਵੇਚਣਾ ਸ਼ੁਰੂ ਕਰ ਦੇਵੇ। ਲਚਕੀਲਾਪਣ ਲਿਆਉਣ ਵਾਸਤੇ ਕੁਝ ਢੰਗ ਹੇਠ ਲਿਖੇ ਹਨ:

1. ਲਚਕੀਲਾਪਣ ਤਾਂ ਲਿਆਇਆ ਜਾ ਸਕਦਾ ਹੈ ਜੇਕਰ ਕਿਸਾਨ ਕਿਸੇ ਇਮਾਰਤ ਜਾਂ ਮਸ਼ੀਨ ਤੇ ਪੈਸਾ ਖਰਚ ਕਰਨ ਤੋਂ ਪਹਿਲਾਂ ਸੋਚ ਲਵੇ ਕਿ ਕੀ ਇਸਦਾ ਇੱਕ ਤੋਂ ਵੱਧ ਇਸਤੇਮਾਲ ਹੋ ਸਕਦਾ ਹੈ।

2. ਕਿਸਾਨ ਲਘੂ ਕਾਲ ਕੇ ਨਿਵੇਸ਼ ਕਰਨ ਜਿਵੇਂ ਕਿ ਪੋਲਟਰੀ ਜਾਂ ਗਾਂ, ਮੱਝ ਵਾਸਤੇ ਤਬੇਲਾ ਬਣਾਉਣ ਲਈ ਸਟੀਲ ਦੀ ਥਾਂ ਤੇ ਬਾਂਸ ਇਸਤੇਮਾਲ ਕਰਨ।
3. ਲਘੂ ਮਿਆਦ ਵਾਲੀ ਫਸਲਾਂ ਉਗਾਉਣੀਆਂ ਚਾਹੀਦੀਆਂ ਹਨ।
4. ਲਾਗਤ ਵੀ ਘਟਾਈ ਜਾ ਸਕਦੀ ਹੈ ਜਿਵੇਂ ਕਿ ਸਥਾਈ ਕਿਰਤ ਦੀ ਥਾਂ ਤੇ ਅਸਥਾਈ ਕਿਰਤ ਦੀ ਸੇਵਾਵਾਂ ਲੈ ਕੇ ਜਾਂ ਟਰੈਕਟਰ ਖਰੀਦਣ ਦੀ ਥਾਂ ਤੇ ਕਿਰਾਏ ਉੱਤੇ ਟਰੈਕਟਰ ਲਿਆ ਜਾ ਸਕਦਾ ਹੈ।

(3) **ਤਰਲਤਾ:** ਜੇਕਰ ਕਿਸਾਨ ਆਪਣੀ ਸੰਪਤੀ ਨੂੰ ਤਰਲ ਰੂਪ ਵਿੱਚ ਰੱਖੇ ਤਾਂ ਜੋ ਜਦੋਂ ਵੀ ਕੋਈ ਜ਼ਿਆਦਾ ਆਮਦਨ ਵਧਾਉਣ ਦਾ ਮੌਕਾ ਮਿਲੇ ਤਾਂ ਉਸ ਸੰਪਤੀ ਦਾ ਇਸਤੇਮਾਲ ਕੀਤਾ ਜਾ ਸਕੇ।

(4) **ਪੂੰਜੀ ਦੀ ਰਾਸ਼ਨਬੰਦੀ:** ਪੂੰਜੀ ਦੀ ਰਾਸ਼ਨਬੰਦੀ ਤੋਂ ਭਾਵ ਹੈ ਕਿ ਜਦੋਂ ਖੇਤੀ ਤੋਂ ਫਾਇਦਾ ਹੋਵੇ ਤਾਂ ਪੂੰਜੀ ਦਾ ਵਹਾਅ ਉੱਨਾ ਹੀ ਰੱਖਣਾ ਚਾਹੀਦਾ ਹੈ ਜਿੰਨਾਂ ਲੋੜੀਂਦਾ ਹੈ ਜੇਕਰ ਲਾਭ ਜਿਆਦਾ ਵੀ ਹੋ ਰਹੇ ਹੋਣ ਤਾਂ ਵੀ ਪੂੰਜੀ ਲੋੜ ਮੁਤਾਬਕ ਹੀ ਲਾਉਣੀ ਚਾਹੀਦੀ ਹੈ। ਖੇਤੀ ਦੇ ਖੇਤਰ ਵਿੱਚ ਜਿਵੇਂ ਕਿ ਆਪਾਂ ਜਾਣਦੇ ਹੀ ਹਾਂ ਕਿ ਕਿਰਤ ਦਾ ਸੀਮਾਂਤ ਪ੍ਰਤੀਫਲ, ਪੂੰਜੀ ਦੇ ਸੀਮਾਂਤ ਪ੍ਰਤੀਫਲ ਦੇ ਮੁਕਾਬਲੇ ਘੱਟ ਹੈ। ਇਸ ਲਈ ਕਿਰਤ ਖੇਤਰ ਵਿੱਚ ਬਾਹਰ ਕੱਢ ਕੇ ਪੂੰਜੀ ਉੱਨੀ ਹੀ ਲਾਉਣੀ ਚਾਹੀਦੀ ਹੈ ਜਦੋਂ ਤੱਕ ਕਿ ਹਰ ਸਾਧਨ ਦੀ ਸੀਮਾਂਤ ਉਤਪਾਦਕਤਾ ਬਰਾਬਰ ਨਾਂ ਹੋ ਜਾਵੇ।

(5) **ਠੇਕੇ ਤੇ ਖੇਤੀ:** ਇਸ ਤਰੀਕੇ ਨਾਲ ਵੀ ਅਨਿਸ਼ਚਿਤਤਾ ਨੂੰ ਦੂਰ ਕੀਤਾ ਜਾ ਸਕਦਾ ਹੈ। ਇਕਰਾਰਨਾਮੇ ਰਾਹੀਂ ਇਸ ਖੇਤੀ ਹੇਠਾਂ ਕਿਸਾਨ, ਉਤਪਾਦਕ ਫਰਮ ਅਤੇ ਆਦਾਨ ਪੂਰਤੀ ਕਰਤਾ ਗਾਰੰਟੀ ਕਰ ਲੈਂਦੇ ਹਨ ਕਿ ਇੱਕ ਪਦਾਰਥ ਦੇ ਗ੍ਰੇਡ ਮੁਤਾਬਕ ਉਸ ਦੀ ਕੀ ਕੀਮਤ ਹੋਵੇਗੀ। ਇਸ ਦੇ ਨਾਲ ਇੱਕ ਤਾਂ ਕੀਮਤ ਅਤੇ ਆਮਦਨ ਅਨਿਸ਼ਚਿਤਤਾ ਘਟਦੀ ਹੈ ਨਾਲੋਂ ਨਾਲ ਹੀ ਕਿਸਾਨ ਦੇ ਲਿੰਕ ਬਣ ਜਾਂਦੇ ਹਨ ਅਤੇ ਜਿਹੜੀ ਫਰਮ ਨਾਲ ਇਕਰਾਰਨਾਮਾ ਹੋਇਆ ਹੁੰਦਾ ਹੈ ਉਹ ਤਕਨੀਕੀ ਸਹਾਇਤਾ ਘੱਟ ਵਿਆਜ ਉੱਤੇ ਕਰਜਾ ਤੇ ਨਵੀਂ ਤਕਨੀਕੀ ਮਸ਼ੀਨਾਂ ਦਿੰਦੇ ਹਨ ਤਾਂ ਜੋ ਪਦਾਰਥ ਦੀ ਗੁਣਵੱਤਾ ਵਧਾਈ ਜਾ ਸਕੇ।

**ਹੋਰ ਉਪਰਾਲੇ:** ਉਪਰੋਕਤ ਉਪਰਾਲਿਆਂ ਤੋਂ ਇਲਾਵਾ ਵੀ ਹੋਰ ਤਰੀਕੇ ਹਨ ਜਿਸ ਨਾਲ ਅਨਿਸ਼ਚਿਤਤਾ ਦਾ ਪ੍ਰਭਾਵ ਘੱਟ ਕੀਤਾ ਜਾ ਸਕਦਾ ਹੈ। ਉਹ ਹਨ:

**(ੳ)** ਕਿਸਾਨ ਨੂੰ ਉਹ ਕੰਮ ਸ਼ੁਰੂ ਕਰਨੇ ਚਾਹੀਦੇ ਹਨ ਜਿਸ ਵਿੱਚ ਉਨ੍ਹਾਂ ਨੂੰ ਪਤਾ ਹੈ ਕਿ ਵਿਚਲਣ ਜ਼ਿਆਦਾ ਨਹੀਂ ਹੋਵੇਗਾ ਜਿਵੇਂ ਮੁਰਗੀ ਅਤੇ ਸੂਰ ਪਾਲਣ ਜ਼ਿਆਦਾ ਠੀਕ ਹੈ ਕਿਉਂਕਿ ਇਨ੍ਹਾਂ ਦੇ ਉਤਪਾਦਨ ਵਿੱਚ ਵਿਚਲਨ ਭੇਡ ਪਾਲਣ ਨਾਲੋਂ ਘੱਟ ਹੁੰਦਾ ਹੈ ਜਾਂ ਅਨਾਜ ਦਾ ਉਤਪਾਦਨ ਕਰਨਾ ਜੜ ਮੂਲ ਵਾਲੀ ਖੇਤੀ ਨਾਲੋਂ ਜਿਆਦਾ ਚੰਗਾ ਹੈ।

**(ਅ)** ਇੱਕ ਦਮ ਨਵੀਂ ਫਸਲਾਂ ਵੱਲ ਨਹੀਂ ਜਾਣਾ ਚਾਹੀਦਾ ਪਰੰਪਰਾਵਾਦੀ ਫਸਲਾਂ ਹੀ ਉਗਾਉਣੀਆਂ ਚਾਹੀਦੀਆਂ ਹਨ ਇਸ ਤਰ੍ਹਾਂ ਵੀ ਅਨਿਸ਼ਚਿਤਤਾ ਘਟ ਸਕਦੀ ਹੈ।

**(ੲ)** ਜੇਕਰ ਕਿਸੇ ਫਸਲ ਵਿੱਚ ਨੁਕਸਾਨ ਦਾ ਜ਼ੋਖਮ ਪਹਿਲਾਂ ਤੋਂ ਹੀ ਪਤਾ ਲੱਗ ਰਿਹਾ ਹੈ ਤਾਂ ਉਸਦਾ ਉਤਪਾਦਨ ਘਟਾ ਦਿੱਤਾ ਜਾਵੇ।

**(ਸ)** ਕੱਚੇ ਮਾਲ ਦਾ ਸੰਗ੍ਰਹਿ ਜਾਂ ਵਾਧੂ ਕਿਰਤ ਹੋਣੀ ਚਾਹੀਦੀ ਹੈ ਤਾਂ ਜੋ ਜਿਆਦਾ ਕੰਮ ਕੀਤੇ ਜਾ ਸਕਣ, ਲੋੜ ਪੈਣ ਉੱਤੇ ਇੱਕ ਕੰਮ ਤੋਂ ਦੂਜੇ ਕੰਮ ਵਿੱਚ ਬਦਲਿਆ ਜਾ ਸਕੇ। ਅੰਨ ਦਾ ਸੰਗ੍ਰਹਿ ਕਰਨਾ ਵੀ ਬਹੁਤ ਜ਼ਰੂਰੀ ਹੈ।

### ਸਵੈ ਅਭਿਆਸ ਪ੍ਰਸ਼ਨ

**ਪ੍ਰ:12 ਅਨਿਸ਼ਚਿਤਤਾ ਨੂੰ ਨਜੀਠਣ ਦੇ ਦੀ ਉਪਰਾਲੇ ਹਨ?**

**ਪ੍ਰ:6 ਠੇਕੇ ਦੀ ਖੇਤੀ ਤੇ ਇੱਕ ਨੋਟ ਲਿਖੋ।**

**ਪ੍ਰ:7 ਕਿਨ੍ਹਾਂ ਤਰੀਕਿਆਂ ਨਾਲ ਖੇਤੀ ਵਿੱਚ ਲਚਕੀਲਾਪਣ ਲਿਆਇਆ ਜਾ ਸਕਦਾ ਹੈ?**

**2.3.7 ਸਰਕਾਰੀ ਉਪਰਾਲੇ:** ਮੁੱਖ ਤੌਰ ਤੇ ਸਰਕਾਰੀ ਉਪਰਾਲੇ ਤਿੰਨ ਤਰ੍ਹਾਂ ਦੇ ਹਨ

(1) ਖੇਤੀ ਪਦਾਰਥਾਂ ਦੀ ਗਾਰੰਟੀਡ ਕੀਮਤ

(2) ਬਫਰ ਸਟਾਕ ਪ੍ਰਣਾਲੀ

(3) ਫਸਲ ਬੀਮਾ

(1) **ਖੇਤੀ ਪਦਾਰਥਾਂ ਦੀ ਗਾਰੰਟੀਡ ਕੀਮਤ:** ਇੱਕ ਅਜਿਹਾ ਕਾਨੂੰਨ ਬਣਾ ਲੈਣਾ ਚਾਹੀਦਾ ਹੈ ਜਿਸ ਵਿੱਚ ਕਿਸਾਨ ਨੂੰ ਗਰੰਟੀ ਕੀਮਤ ਦੱਸ ਦਿੱਤੀ ਜਾਵੇ ਜਾਂ ਉਸ ਦੇ ਨੇੜੇ ਦੀ ਕੋਈ ਕੀਮਤ ਦੱਸ ਦਿੱਤੀ ਜਾਵੇ ਜਿਵੇਂ ਕਿ USA ਵਿੱਚ ਕਈ ਖੇਤੀ ਪਦਾਰਥਾਂ ਜਿਵੇਂ ਕਿ ਮੱਕੀ, ਕਪਾਹ, ਕਣਕ, ਚੌਲ, ਤੰਬਾਕੂ, ਮੂੰਗਫਲੀ, ਉਨ, ਸ਼ਹਿਦ, ਦੁੱਧ ਅਤੇ ਮੱਖਣ ਦੀ ਕੀਮਤ ਦੱਸ ਦਿੱਤੀ ਜਾਂਦੀ ਹੈ ਅਤੇ ਇਹ ਵੀ ਦੱਸ ਦਿੱਤਾ ਜਾਂਦਾ ਹੈ ਕਿ ਜੇ ਇਹ ਵਧੀ ਘਟੀ ਤਾਂ ਇੰਨੇ ਕੁ ਪ੍ਰਤੀਸ਼ਤ ਵਿੱਚ ਹੀ ਰੇਂਜ ਕਰੇਗੀ।

(2) **ਸ਼ਫਰ ਸਟਾਕ ਪ੍ਰਣਾਲੀ:** ਇਹ ਵੀ ਇੱਕ ਕੀਮਤ ਅਨਿਸ਼ਚਿਤਤਾ ਘਟਾਉਣ ਦਾ ਤਰੀਕਾ ਹੈ। ਇਸ ਵਿੱਚ ਬਫਰ ਸਟਾਕ ਅਥਾਰਟੀ (ਸਰਕਾਰੀ ਏਜੰਸੀ) ਜਦੋਂ ਜ਼ਿਆਦਾ ਫਸਲ ਹੋ ਜਾਂਦੀ ਹੈ ਤਾਂ ਬਜ਼ਾਰ ਵਿੱਚੋਂ ਖਰੀਦ ਦੇ ਸਟਾਕ ਕਰ ਲੈਂਦੀ ਹੈ ਅਤੇ ਘੱਟ ਫਸਲ ਹੋਣ ਤੇ ਮੰਡੀ ਵਿੱਚ ਦੇ ਦਿੰਦੀ ਹੈ ਕਿਉਂਕਿ ਜਦੋਂ ਘੱਟ ਪੂਰਤੀ ਹੋਵੇਗੀ ਤਾਂ ਕੀਮਤ ਵੱਧ ਜਾਵੇਗੀ ਇਸ ਲਈ ਕੀਮਤ ਵਿੱਚ ਸਥਿਰਤਾ ਲਿਆਉਣ ਲਈ ਇਹ ਇੱਕ ਚੰਗੀ ਪ੍ਰਣਾਲੀ ਹੈ।

(3) **ਫਸਲਾਂ ਦਾ ਬੀਮਾਕਰਨ:** ਪਹਿਲੇ ਦੋ ਉਪਰਾਲੇ ਕੀਮਤ ਦੀ ਅਨਿਸ਼ਚਿਤਤਾ ਨਾਲ ਸੰਬੰਧਿਤ ਸਨ ਪਰ ਫਸਲਾਂ ਦੇ ਬੀਮੇ ਨਾਲ ਉਤਪਾਦਨ ਦੀ ਅਨਿਸ਼ਚਿਤਤਾ ਨੂੰ ਘਟਾ ਸਕਦੇ ਹਾਂ। ਕਿਸਾਨ ਖਰਾਬ ਮੌਸਮੀ, ਕੀੜਿਆਂ ਦੇ ਹਮਲੇ ਜਾਂ ਬੀਮਾਰੀ ਦੇ ਡਰ ਦੇ ਲਈ ਫਸਲਾਂ ਦਾ ਬੀਮਾ ਕਰਵਾ ਲੈਂਦੇ ਹਨ ਇਸ ਦੇ ਲਈ ਉਸਨੂੰ ਬੀਮੇ ਦਾ ਥੋੜਾ ਜਿਹਾ ਪ੍ਰੀਮੀਅਮ ਦੇਣਾ ਪੈਂਦਾ ਹੈ ਅਤੇ ਉਹ ਜ਼ੋਖਮ ਬੀਮਾ ਕੰਪਨੀ ਤੇ ਟਰਾਂਸਫਰ ਕਰ ਦਿੰਦੇ ਹਨ। ਬੀਮਾਂ ਕਈ ਤਰ੍ਹਾਂ ਦਾ ਹੋ ਸਕਦਾ ਹੈ:

**(ੳ)** ਕੁਝ ਖਾਸ ਫਸਲਾਂ ਦਾ ਬੀਮਾ

**(ਅ)** ਸਾਰੀਆਂ ਫਸਲਾਂ ਦਾ ਬੀਮਾ

**(ੲ)** ਸਵੈਇੱਛਿਤ ਫਸਲਾਂ ਦਾ ਬੀਮਾ

**(ਸ)** ਲਾਜ਼ਮੀ ਫਸਲਾਂ ਦਾ ਬੀਮਾ

ਫਸਲਾਂ ਦਾ ਬੀਮਾ ਇੱਕ ਇਕੱਲੇ ਬੰਦੇ ਲਈ ਹੋ ਸਕਦਾ ਹੈ। ਬੀਮਾਂ ਕੰਪਨੀ ਉਸ ਦੇ ਪਿਛਲੇ ਉਤਪਾਦਨ ਨੂੰ ਦੇਖ ਕੇ ਨਿਰਧਾਰਿਤ ਕਰ ਲੈਂਦੀ ਹੈ ਜਾਂ ਖੇਤਰ ਅਪਰੋਚ ਤਹਿਤ ਕੰਪਨੀ ਇੱਕ ਸਾਰੇ ਪਿੰਡ ਲਈ ਇਕੱਠੇ ਹੀ ਕੋਈ ਨੀਤੀ ਬਣਾ ਸਕਦੀ ਹੈ ਸਾਰੀਆਂ ਫਸਲਾਂ ਦਾ ਲਾਜ਼ਮੀ ਬੀਮਾ ਇੱਕ ਇੱਕ ਫਸਲ ਦੇ ਬੀਮੇ ਤੋਂ ਚੰਗਾ ਹੁੰਦਾ ਹੈ। ਖੇਤਰ ਅਪਰਾਚ ਇੱਕ ਇਕੱਲੇ ਕਿਸਾਨ ਦੇ ਬੀਮੇ ਤੋਂ ਚੰਗੀ ਹੁੰਦੀ ਹੈ ਅਤੇ ਸਾਰੀਆਂ ਫਸਲਾਂ ਦਾ ਲਾਜ਼ਮੀ ਬੀਮਾਂ ਇੱਕ ਫਸਲ ਦੇ ਬੀਮੇ ਤੋਂ ਚੰਗਾ ਹੁੰਦਾ ਹੈ।

**ਸਵੈ ਅਭਿਆਸ ਪ੍ਰਸ਼ਨ**

**ਪ੍ਰ:8 ਸਰਕਾਰ ਦੇ ਅਨਿਸ਼ਚਿਤਤਾ ਨੂੰ ਨਜੀਠਣ ਦੇ ਕਿਹੜੇ-ਕਿਹੜੇ ਤਰੀਕੇ ਹਨ?**

**ਪ੍ਰ:9 ਫਸਲਾਂ ਦੇ ਬੀਮੇਕਰਨ ਤੇ ਨੋਟ ਲਿਖੋ।**

**ਭਾਰਤ ਵਿੱਚ ਹੋਏ ਸਰਕਾਰੀ ਉਪਰਾਲੇ:** ਵਿਕਸਿਤ ਦੇਸ਼ਾਂ ਦੇ ਅੰਦਰ ਸਰਕਾਰੀ ਏਜੰਸੀਆਂ ਫਸਲਾਂ ਦਾ ਬੀਮਾ ਕਰ ਦਿੰਦੀਆਂ ਹਨ ਪਰ ਅਲਪ ਵਿਕਸਿਤ ਦੇਸ਼ਾਂ ਦੇ ਅੰਦਰ ਇਸ ਦਿਸ਼ਾ ਵਿੱਚ ਘੱਟ ਕਦਮ ਚੁੱਕੇ ਗਏ ਹਨ ਭਾਰਤ ਵਿੱਚ

ਬਫਰ ਸਟਾਕ ਅਤੇ ਕੀਮਤ ਪ੍ਰਣਾਲੀ ਤਾਂ ਹਨ ਪਰ ਭਾਰਤ ਦੇ ਅੰਦਰ ਬੀਮਾ ਸਿਰਫ਼ ਟੈਕਸ ਰਿਲੀਫ਼, ਪਾਣੀ ਦਰ ਰਿਲੀਫ਼, ਅਕਾਲ ਅਤੇ ਹੜ੍ਹ ਰਿਲੀਫ਼ ਜਾਂ ਜਿਆਦਾ ਕਰਕੇ ਸੌਕੇ ਕਰਕੇ ਹੋਏ ਨੁਕਸਾਨ ਕਰਕੇ ਵੀ ਹੋ ਸਕਦੀ ਹੈ। ਭਾਰਤੀ ਸਰਕਾਰ ਨੇ ਡਾ: ਧਰਮ ਨਰਾਇਣ ਦੀ ਅਗਵਾਈ ਹੇਠ ਇੱਕ ਕਮੇਟੀ ਦਾ ਗਠਨ ਕੀਤਾ ਜਿਸ ਦਾ ਕੰਮ ਸੀ ਇਹ ਪਤਾ ਲਗਾਉਣਾ ਕਿ ਭਾਰਤ ਵਿੱਚ ਫਸਲਾਂ ਦੇ ਬੀਮੇ ਦੀ ਲੋੜ ਹੈ ਜਾਂ ਨਹੀਂ। ਕਮੇਟੀ ਨੇ ਆਪਣੀ ਸਿਫ਼ਾਰਸ਼ਾਂ ਵਿੱਚ ਇਹ ਕਿਹਾ ਕਿ ਭਾਰਤ ਵਿੱਚ ਪ੍ਰਯੋਗ ਦੇ ਤੌਰ ਤੇ ਵੀ ਬੀਮਾ ਨਹੀਂ ਹੋਣਾ ਚਾਹੀਦਾ। ਸਰਕਾਰ ਨੇ ਕਾਫ਼ੀ ਸੋਚਣ ਤੋਂ ਬਾਦ 19812 ਵਿੱਚ ਕਈ ਰਾਜ਼ਾਂ ਵਿੱਚ Comprehensive Crop Insurance Scheme ਨੂੰ ਲਾਗੂ ਕਰ ਦਿੱਤਾ। ਇਸ ਤਹਿਤ ਜਿਹੜੇ ਕਿਸਾਨ ਫਸਲ ਲਈ ਕਰਜ਼ਾ ਲੈਂਦੇ ਸਨ ਉਹ ਫਸਲ ਦਾ 10,000 ਰੁਪਏ ਦਾ ਬੀਮਾ ਕਰਵਾਉਣਗੇ ਅਤੇ 2%ਪ੍ਰੀਮੀਅਮ ਅਦਾ ਕਰਨਗੇ ਜੇਕਰ ਇਹ ਕਰਜ਼ਾ ਕਣਕ, ਚੌਲ, ਬਾਜਰੇ ਲਈ ਲਿਆ ਹੈ ਜੇਕਰ ਕਰਜ਼ਾ ਦਾਲਾਂ ਅਤੇ ਤੇਲ ਦੇ ਬੀਜਾਂ ਲਈ ਲਿਆ ਹੈ ਤਾਂ 1% ਪ੍ਰੀਮੀਅਮ ਦੇਣਾ ਪਵੇਗਾ। ਪਰ ਇਸ ਸਕੀਮ ਦੇ ਨਿਰਾਸ਼ਾਜਨਕ ਸਿੱਟੇ ਨਿਕਲੇ ਸਰਕਾਰ ਨੂੰ ਬੀਮੇ ਦੇ ਦਾਬਿਆਂ ਦੇ ਬਦਲੇ ਜਿਹੜਾ ਭੁਗਤਾਨ ਕਰਨਾ ਪਿਆ ਉਹ ਲਏ ਗਏ ਪ੍ਰੀਮੀਅਮ ਨਾਲੋਂ ਕਿਤੇ ਜ਼ਿਆਦਾ ਸੀ। ਕਈਆਂ ਨੇ ਇਸ ਨੂੰ ਸਰਕਾਰ ਤੇ ਇੱਕ ਬੋਝ ਦੱਸਿਆ ਅਤੇ ਸੰਸਾਰ ਬੈਂਕ ਦੀ ਸਟੱਡੀ ਮੁਤਾਬਕ ਇਹ ਇੱਕ ਵੋਟ ਕਮਾਉਣ ਲਈ ਚਲਾਈ ਗਈ ਨੀਤੀ ਸੀ। ਸੰਨ 1999 ਵਿੱਚ ਸਰਕਾਰ ਨੇ Comprehensive Crop Insurance scheme ਨੂੰ National Agricultural Insurance Scheme ਨਾਲ ਬਦਲ ਦਿੱਤਾ। ਇਸ ਹੇਠ ਸਾਰੇ ਕਿਸਾਨ ਆਉਣਗੇ ਛੋਟੇ, ਵੱਡੇ, ਜਿਨ੍ਹਾਂ ਨੇ ਕਰਜ਼ਾ ਲਿਆ ਹੈ ਉਹ ਵੀ ਅਤੇ ਜਿਹੜੇ ਕਰਜ਼ਾਈ ਨਹੀਂ ਹਨ ਉਹ ਵੀ ਸਲਾਨਾ ਫਸਲਾਂ ਤਹਿਤ ਗੰਨਾ, ਆਲੂ, ਅਦਰਕ, ਕਪਾਹ, ਪਿਆਜ, ਹਲਦੀ ਅਤੇ ਮਿਰਚਾਂ ਬੀਮੇ ਅਧੀਨ ਲਈਆਂ ਗਈਆਂ ਹਨ। ਛੋਟੇ ਤੇ ਸੀਮਾਂਤ ਕਿਸਾਨ ਨੂੰ ਪ੍ਰੀਮੀਅਮ ਵਿੱਚ 120% ਦੀ ਸਬਸਿਡੀ ਦਿੱਤੀ ਗਈ ਹੈ। ਹੁਣ ਇਹ ਸਕੀਮ General Insurance Company ਹੇਠ ਹੈ। 2004 ਤੱਕ 1289412844 ਕਿਸਾਨ ਹਿਸ ਸਕੀਮ ਹੇਠ ਸਨ ਅਤੇ 122762.9 ਰੁਪਏ ਦੀ ਫਸਲ ਬੀਮੇ ਅਧੀਨ ਸੀ। ਹੁਣ ਤੱਕ ਇਹ ਸਕੀਮ 23 ਰਾਜ ਅਤੇ 2 ਯੂਨੀਅਨ ਟੈਰੇਟਰੀ ਵਿੱਚ ਲਾਗੂ ਹੈ।

**2.3.8 ਅਨਿਸ਼ਚਿਤਤਾ ਨੂੰ ਨਜੀਠਣ ਲਈ ਕੁਝ ਸੁਝਾਅ:** ਸਰਕਾਰ ਹੋਰ ਵੀ ਬਹੁਤ ਕੁਝ ਕਰ ਸਕਦੀ ਹੈ ਤਾਂ ਜੋ ਅਨਿਸ਼ਚਿਤਤਾ ਨੂੰ ਦੂਰ ਕੀਤਾ ਜਾ ਸਕੇ ਉਸ ਲਈ ਕੁਝ ਸੁਝਾਅ ਹੇਠ ਲਿਖੇ ਹਨ :

**(1)** ਸਰਕਾਰ ਜੇਕਰ ਸਿੰਚਾਈ ਸੁਵਿਧਾਵਾਂ ਪ੍ਰਦਾਨ ਕਰੇ ਤਾਂ ਮੀਂਹ ਦੇ ਆਧਾਰ ਤੇ ਹੋਣ ਵਾਲੀ ਫਸਲ ਦੀ ਅਨਿਸ਼ਚਿਤਤਾ ਨੂੰ ਦੂਰ ਕੀਤਾ ਜਾ ਸਕਦਾ ਹੈ।

**(2)** ਕੀੜੇ ਮਾਰ ਦਵਾਈਆਂ ਦਾ ਲਾਜ਼ਮੀ ਇਸਤੇਮਾਲ ਕਰਵਾਉਣ ਨਾਲ ਅਨਿਸ਼ਚਿਤਤਾ ਘੱਟ ਹੋ ਸਕਦੀ ਹੈ।

**(3)** ਮੁਜ਼ਾਰਿਆਂ ਨੂੰ ਮਿਆਦ (ਕਿ ਉਨ੍ਹਾਂ ਕੋਲ ਕਿੰਨੇ ਸਮੇਂ ਲਈ ਖੇਤ ਹਨ) ਬਾਰੇ ਤਸੱਲੀ ਕਰਵਾਉਣਾ ਤੇ ਜੇਕਰ ਕੋਈ ਜ਼ਿਮੀਦਾਰ ਜ਼ੋਰ ਜਬਰਦਸਤੀ ਨਾਲ ਉਸ ਸਮੇਂ ਤੋਂ ਪਹਿਲਾਂ ਖੇਤ ਲੈ ਲੈਂਦਾ ਹੈ ਤਾਂ ਮੁਜ਼ਾਹਰੇ ਨੂੰ ਹਰਜਾਨਾ ਦਵਾਉਣਾ

**(4)** ਲਗਾਨ ਫਿਕਸ ਕਰ ਦੇਣਾ, ਆਦਿ।

ਇਨ੍ਹਾਂ ਉਪਰਾਲਿਆਂ ਨਾਲ ਖੇਤੀ ਦੀ ਅਨਿਸ਼ਚਿਤਤਾ ਦੂਰ ਹੋ ਸਕਦੀ ਹੈ ਜੇ ਦੂਰ ਨਾਂ ਵੀ ਹੋਵੇ ਉਸ ਦਾ ਪ੍ਰਭਾਵ ਘੱਟ ਸਕਦਾ ਹੈ।

**ਸਵੈ ਅਭਿਆਸ ਪ੍ਰਸ਼ਨ**

**ਪ੍ਰ: 10 ਭਾਰਤੀ ਸਰਕਾਰ ਨੇ ਅਨਿਸ਼ਚਿਤਤਾ ਨੂੰ ਕਾਬੂ ਕਰਨ ਲਈ ਕੀ ਉਪਰਾਲੇ ਕੀਤੇ ਹਨ?**

**2.3.9 ਸਾਰਾਂਸ਼:** ਇਸ ਪਾਠ ਵਿੱਚ ਅਸੀਂ ਖੇਤੀ ਦੇ ਖੇਤਰ ਵਿੱਚ ਜ਼ੋਖਮ ਅਤੇ ਅਨਿਸ਼ਚਿਤਤਾ ਬਾਰੇ ਪੜ੍ਹਿਆ ਇਨ੍ਹਾਂ ਦੀ ਕਿਸਮਾਂ ਬਾਰੇ ਜਾਣਕਾਰੀ ਹਾਸਲ ਕੀਤੀ ਇਨ੍ਹਾਂ ਲਈ ਜਿੰਮੇਵਾਰ ਕਿਹੜੇ ਕਾਰਕ ਹਨ ਉਹ ਵੀ ਦੇਖਿਆ ਅਤੇ ਨਾਲੇ ਇਹ ਵੀ ਜਾਣਿਆਂ ਕਿ ਇਨ੍ਹਾਂ ਤਰੀਕਿਆਂ ਨਾਲ ਅਨਿਸ਼ਚਿਤਤਾ ਨੂੰ ਦੂਰ ਕੀਤਾ ਜਾ ਸਕਦਾ ਹੈ। ਕਿਸਾਨ ਕਿਹੜੇ ਉਪਰਾਲੇ ਕਰਦਾ ਹੈ ਜਾਂ ਸਰਕਾਰ ਬਫਰ ਸਟਾਕ ਜਾਂ ਗਾਰੰਟੀ ਕੀਮਤ ਜਾ ਬੀਮਾਕਰਨ ਨਾਲ ਕਿਵੇਂ ਅਨਿਸ਼ਚਿਤਤਾ ਨੂੰ ਘਟਾਉਂਦੀ ਹੈ ਉਹ ਵੀ

ਪੜ੍ਹਿਆ ਤੇ ਦੇਖਿਆ ਕਿ ਫਸਲਾਂ ਦਾ ਬੀਮਾਂ ਇੱਕ ਬਹੁਤ ਚੰਗਾ ਉਪਰਾਲਾ ਹੈ। ਜੇਕਰ ਕੀਮਤਾਂ ਸਥਿਰ ਹੋ ਜਾਣ ਤਾਂ ਸਾਰੇ ਸਾਧਨਾਂ ਦੀ ਚੰਗੀ ਵਰਤੋਂ ਹੋ ਸਕਦੀ ਹੈ ਅਤੇ ਅਨਿਸ਼ਚਿਤਤਾ ਨੂੰ ਘਟਾਇਆ ਜਾ ਸਕਦਾ ਹੈ।

**2.3.10 ਸ਼ਬਦਾਵਲੀ:**

- **ਸਵੈਇੱਛਿਤ ਬੀਮਾ:** ਸਰਕਾਰ ਦਾ ਕੋਈ ਦਬਾਅ ਨਹੀਂ ਹੁੰਦਾ ਬੰਦਾ ਆਪਣੀ ਮਰਜ਼ੀ ਨਾਲ ਬੀਮਾ ਕਰਵਾਉਂਦਾ ਹੈ।
- **ਮਿਆਦ:** ਦਿੱਤਾ ਗਿਆ ਕੁਲ ਸਮਾਂ
- **ਜੜ ਮੂਲ:** ਉਹ ਫਸਲਾਂ ਜਿਨ੍ਹਾਂ ਦੀਆਂ ਜੜ੍ਹਾਂ ਨੂੰ ਖ਼ਾਇਆ ਜਾਂਦਾ ਹੈ।

**2.3.11 ਛੋਟੇ ਉੱਤਰਾਂ ਵਾਲੇ ਪ੍ਰਸ਼ਨ**

ਜ਼ੋਖਮ ਅਤੇ ਅਨਿਸ਼ਚਿਤਤਾ ਦੀਆਂ ਕਿਸਮਾਂ ਬਾਰੇ ਲਿਖੋ।
ਜ਼ੋਖਮ ਅਤੇ ਅਨਿਸ਼ਚਿਤਤਾ ਵਿੱਚ ਕੀ ਅੰਤਰ ਹੈ?
ਫਸਲਾਂ ਦਾ ਬੀਮਾ ਕਿੰਨੀ ਤਰ੍ਹਾਂ ਦਾ ਹੈ?

**2.3.12 ਲੰਬੇ ਉੱਤਰਾਂ ਵਾਲੇ ਪ੍ਰਸ਼ਨ**

ਅਨਿਸ਼ਚਿਤਤਾ ਅਤੇ ਜ਼ੋਖਮ ਦੀਆਂ ਕਿਸਮਾਂ ਬਾਰੇ ਵਿਸਤ੍ਰਿਤ ਰੂਪ ਵਿੱਚ ਲਿਖੋ।
ਅਨਿਸ਼ਚਿਤਤਾ ਨੂੰ ਕਾਬੂ ਕਰਨ ਦੇ ਕਿਹੜੇ ਉਪਰਾਲੇ ਹਨ?
ਭਾਰਤ ਵਿੱਚ ਸਰਕਾਰ ਨੇ ਖੇਤੀ ਵਿੱਚ ਅਨਿਸ਼ਚਿਤਤਾ ਘਟਾਉਣ ਲਈ ਕੀ ਕੀਤਾ ਹੈ?

**2.3.13 ਪੜ੍ਹਨ ਯੋਗ ਪੁਸਤਕਾਂ**

Leading Issues in Agricultural Economics : R. N. Soni
Agricultural Economics : R. K. Lekhi and Joginder Singh
Indian Economics : Datt & Sundaram.

**ਪਾਠ ਨੰਬਰ : 2.4** **ਲੇਖਿਕਾ : ਡਾ. ਮਨੀਸ਼ਾ**

## ਖੇਤੀ ਵਿੱਚ ਅਸਥਿਰਤਾ

**2.4.1 ਭੂਮਿਕਾ**
**2.4.2 ਪਾਠ ਦੇ ਉਦੇਸ਼**
**2.4.3 ਅਸਥਿਰਤਾ ਦੀਆਂ ਕਿਸਮਾਂ**
**2.4.4 ਅਸਥਿਰਤਾ ਦੇ ਕਾਰਨ**
**2.4.5 ਖੇਤੀ ਕੀਮਤਾਂ ਅਤੇ ਆਮਦਨ ਨੂੰ ਸਥਿਰ ਕਰਨ ਦੇ ਉਪਰਾਲੇ**
**2.4.16 ਸਾਰਾਂਸ਼**
**2.4.7 ਸ਼ਬਦਾਵਲੀ**
**2.4.8 ਛੋਟੇ ਉੱਤਰਾਂ ਵਾਲੇ ਪ੍ਰਸ਼ਨ**
**2.4.9 ਲੰਬੇ ਉੱਤਰਾਂ ਵਾਲੇ ਪ੍ਰਸ਼ਨ**
**2.4.10 ਪੜ੍ਹਨ ਯੋਗ ਪੁਸਤਕਾਂ**

**2.4.1 ਭੂਮਿਕਾ:** ਖੇਤੀ ਵਿੱਚ ਅਸਥਿਰਤਾ ਆਮ ਤੌਰ ਤੇ ਵਿਕਸਿਤ ਅਰਥ ਵਿਵਸਥਾਵਾਂ ਦੀ ਸਮੱਸਿਆ ਹੈ। ਖੇਤੀ ਵਿੱਚ ਅਸਥਿਰਤਾ ਤੋਂ ਭਾਵ ਹੈ ਲੰਬੇ ਸਮੇਂ ਤੋਂ ਖੇਤੀ ਦੇ ਖੇਤਰ ਵਿੱਚ, ਕੀਮਤਾਂ, ਆਮਦਨ ਅਤੇ ਉਤਪਾਦਨ ਵਿੱਚ ਆਉਂਦੇ ਉਤਾਰ-ਚੜ੍ਹਾਓ। ਇਹ ਕਹਿਣਾ ਗਲਤ ਹੋਵੇਗਾ ਕਿ ਉਦਯੋਗਿਕ ਖੇਤਰ ਵਿੱਚ ਇਨ੍ਹਾਂ ਕਾਰਨਾਂ ਕਰਕੇ ਉਤਾਰ-ਚੜ੍ਹਾਓ ਜਾਂ ਤਬਦੀਲੀਆਂ ਨਹੀਂ ਆਉਂਦੀਆਂ। ਕਿਸੇ ਵੀ ਅਰਥਵਿਵਸਥਾ ਵਿੱਚ ਦੋਵੇਂ ਖੇਤਰਾਂ ਵਿੱਚ ਵੱਖ-ਵੱਖ ਮੌਕਿਆਂ ਦੇ ਉੱਤੇ, ਕੀਮਤਾਂ, ਆਮਦਨ ਅਤੇ ਉਤਪਾਦਨ ਵਿੱਚ ਇੱਕ ਹੀ ਦਿਸ਼ਾ ਵਿੱਚ ਤਬਦੀਲੀਆਂ ਆਉਂਦੀਆਂ ਰਹਿੰਦੀਆਂ ਹਨ। ਜੇਕਰ ਖੇਤੀ ਦੇ ਖੇਤਰ ਦੀ ਉਦਯੋਗਿਕ ਖੇਤਰ ਨਾਲ ਤੁਲਨਾ ਕੀਤੀ ਜਾਵੇ ਤਾਂ ਖੇਤੀ ਦੇ ਖੇਤਰ ਵਿੱਚ ਉਤਾਰ-ਚੜ੍ਹਾਓ ਜ਼ਿਆਦਾ ਅਤੇ ਜਲਦੀ ਹੁੰਦੇ ਹਨ। ਖੇਤੀ ਦੇ ਖੇਤਰ ਵਿੱਚ ਕਈ ਵਾਰ ਇਹ ਉਤਾਰ ਚੜ੍ਹਾਅ ਖੇਤੀ ਦੇ ਜੈਵਿਕ ਸੁਭਾਅ ਕਰਕੇ ਵੀ ਹੁੰਦੇ ਹਨ। ਇਸੇ ਕਰਕੇ ਵਿਕਸਿਤ ਦੇਸ਼ਾਂ ਦੀਆਂ ਸਰਕਾਰਾਂ ਖੇਤੀ ਦੀ ਅਸਥਿਰਤਾ ਦੀ ਸਮੱਸਿਆ ਨੂੰ ਖਾਸ ਧਿਆਨ ਦੇ ਰਹੀਆਂ ਹਨ।

**2.4.2 ਪਾਠ ਦੇ ਉਦੇਸ਼:** ਇਸ ਪਾਠ ਵਿੱਚ ਅਸੀਂ ਪੜ੍ਹਾਂਗੇ, ਅਸਥਿਰਤਾ ਦੀਆਂ ਕਿਸਮਾਂ, ਅਸਥਿਰਤਾ ਦੇ ਕਾਰਨ ਅਤੇ ਕਾਰਨਾਂ ਨੂੰ ਦੂਰ ਕਿਵੇਂ ਕੀਤਾ ਜਾ ਸਕਦਾ ਹੈ।

**2.4.3 ਖੇਤੀ ਵਿੱਚ ਅਸਥਿਰਤਾ ਦੀਆਂ ਕਿਸਮਾਂ:** ਖੇਤੀ ਦੇ ਖੇਤਰ ਵਿੱਚ ਅਸਥਿਰਤਾ ਦੋ ਕਿਸਮ ਦੀ ਹੋ ਸਕਦੀ ਹੈ:

(1) ਕੀਮਤਾਂ ਵਿੱਚ ਅਸਥਿਰਤਾ
(2) ਆਮਦਨ ਵਿੱਚ ਅਸਥਿਰਤਾ

ਇੱਕ ਤੀਜੀ ਕਿਸਮ ਦੀ ਅਸਥਿਰਤਾ ਹੁੰਦੀ ਹੈ ਉਤਪਾਦਨ ਦੀ ਅਸਥਿਰਤਾ ਵੱਖ-ਵੱਖ ਸਮੇਂ ਦੇ ਉੱਤੇ ਇਹ ਅਸਥਿਰਤਾ ਵੀ ਅਰਥਵਿਵਸਥਾ ਵਿੱਚ ਪਾਈ ਜਾਂਦੀ ਹੈ ਪਰ ਵਿਕਸਿਤ ਦੇਸ਼ਾਂ ਦੇ ਵਿੱਚ ਇਹ ਅਸਥਿਰਤਾ ਗੈਰ-ਖੇਤੀ ਖੇਤਰ ਵਿੱਚ ਉਤਪਾਦਨ ਦੀ ਅਸਥਿਰਤਾ ਤੋਂ ਘੱਟ ਗੰਭੀਰ ਹੈ। ਅਸੀਂ ਇਹ ਵੀ ਦੇਖਾਂਗੇ ਕਿ ਕੀਮਤਾਂ ਵਿੱਚ ਅਸਥਿਰਤਾ ਅਤੇ ਆਮਦਨ ਵਿੱਚ ਅਸਥਿਰਤਾ ਨੂੰ ਅਲਗ-ਅਲਗ ਵਿਚਾਰਿਆ ਹੈ। ਇਹ ਇੱਕ ਦੂਜੇ ਦੇ ਉੱਤੇ ਨਿਰਭਰ ਨਹੀਂ ਹਨ। ਆਮ ਤੌਰ ਤੇ ਖੇਤੀ ਦੇ ਖੇਤਰ ਵਿੱਚ ਖੇਤੀ ਉਤਪਾਦਨ ਦੀ ਭੌਤਿਕ ਰੂਪ ਵਿੱਚ ਤੁਲਨਾਤਮਕ ਸਥਿਰਤਾ ਕਾਰਨ ਖੇਤੀ ਕੀਮਤਾਂ ਅਤੇ ਖੇਤੀ ਆਮਦਨ ਇੱਕੋ ਦਿਸ਼ਾ ਵਿੱਚ ਹੀ ਚਲਦੇ ਹਨ। ਕੀਮਤਾਂ ਦੇ ਵਿੱਚ ਉਤਾਰ ਚੜ੍ਹਾਅ ਕਾਰਨ ਹੀ ਆਮਦਨ ਵਿੱਚ ਆਉਂਦੇ ਉਤਾਰ ਚੜ੍ਹਾਅ ਇੱਕੋ ਦਿਸ਼ਾ ਵਿੱਚ ਹੁੰਦੇ ਹਨ।

### 2.4.3.1 ਕੀਮਤਾਂ ਵਿੱਚ ਅਸਥਿਰਤਾ

ਖੇਤੀ ਪਦਾਰਥਾਂ ਦੀਆਂ ਕੀਮਤਾਂ, ਉਦਯੋਗਿਕ ਵਸਤਾਂ ਦੀਆਂ **ਕੀ**ਮਤਾਂ ਨਾਲੋਂ ਵੱਧ ਅਤੇ ਜਲਦੀ ਜਲਦੀ ਕਿਉਂ ਬਦਲਦੀਆਂ ਹਨ, ਇਸ ਦੀ ਵਿਆਖਿਆ ਕਰਨ ਤੋਂ ਪਹਿਲਾਂ ਇਹ ਜਾਨਣਾ ਜ਼ਰੂਰੀ ਹੈ ਕਿ ਕੀਮਤਾਂ ਵਿੱਚ ਅਸਥਿਰਤਾ ਕਾਰਨ ਕਿਸਾਨਾਂ ਨੂੰ ਨੁਕਸਾਨ ਕਿਵੇਂ ਹੁੰਦਾ ਹੈ।

**(1)** ਖੇਤੀ ਦੇ ਖੇਤਰ ਵਿੱਚ ਕੀਮਤਾਂ ਵਿੱਚ ਆਉਂਦੇ ਉਤਾਰ-ਚੜ੍ਹਾਓ ਕਾਰਨ ਕਿਸਾਨ ਕੁਸ਼ਲ ਫਸਲ ਦੀ ਯੋਜਨਾਬੰਦੀ ਨਹੀਂ ਕਰ ਸਕਦੇ। ਫਸਲਾਂ ਦੇ ਜੈਵਿਕ ਸੁਭਾਅ ਕਾਰਨ ਰੁੱਤ ਦੇ ਮੱਧ ਵਿੱਚ ਫਸਲ ਦੇ ਪੈਟਰਨ ਨੂੰ ਨਹੀਂ ਬਦਲਿਆ ਜਾ ਸਕਦਾ। ਕਈ ਵਾਰ ਫਸਲ ਬੋਣ ਤੋਂ ਪਹਿਲਾਂ ਦੀ ਯੋਜਨਾਬੰਦੀ (ਕੁਸ਼ਲ ਫਸਲ) ਕੀਮਤਾਂ ਵਿੱਚ ਅਸਥਿਰਤਾ ਆਉਣ ਕਾਰਨ, ਫਸਲ ਦੀ ਵਾਢੀ ਤੋ ਬਾਅਦ ਸਭ ਤੋਂ ਅਕੁਸ਼ਲ ਯੋਜਨਾਬੰਦੀ ਸਾਬਤ ਹੁੰਦੀ ਹੈ।

**(2)** ਕਈ ਵਾਰ, ਫਸਲਾਂ ਨੂੰ ਕੀਮਤਾਂ ਵਿੱਚ ਅਸਥਿਰਤਾ ਤੋਂ ਬਚਾਉਣ ਵਾਸਤੇ, ਕਿਸਾਨ ਫ਼ਸਲਾਂ ਵਿੱਚ ਵਿਭਿੰਨਤਾ ਦਾ ਸਹਾਰਾ ਵੀ ਲੈਂਦੇ ਹਨ ਜਾਂ ਉਤਪਾਦਨ ਪ੍ਰਕ੍ਰਿਆ ਨੂੰ ਲਚਕਸ਼ੀਲ ਬਣਾਉਣ ਵਰਗੇ ਉਪਰਾਲੇ ਵੀ ਕਰਦੇ ਹਨ, ਇਸ ਸਭ ਵਿੱਚ ਜਾਂ ਤਾਂ ਲਾਗਤ ਵੱਧ ਜਾਂਦੀ ਹੈ ਜਾਂ ਆਮਦਨ ਘੱਟ ਜਾਂਦੀ ਹੈ।

**(3)** ਖੇਤੀ ਪਦਾਰਥਾਂ ਦੀਆਂ ਕੀਮਤਾਂ ਵਿੱਚ ਆਈ ਅਸਥਿਰਤਾ, ਆਮਦਨ ਵਿੱਚ ਅਸਥਿਰਤਾ ਲੈ ਆਉਂਦੀ ਹੈ, ਇਸ ਕਾਰਨ ਕਿਸਾਨ ਦੇ ਜੀਵਨ ਪੱਧਰ, ਰਹਿਣ ਸਹਿਣ ਵਿੱਚ ਵੀ ਸਮੇਂ-ਸਮੇਂ ਤੇ ਉਤਾਰ-ਚੜ੍ਹਾਓ ਆਉਂਦੇ ਰਹਿੰਦਾ ਹੈ।

**(4)** ਕਈ ਵਾਰ ਕੀਮਤਾਂ ਵਿੱਚ ਅਸਥਿਰਤਾ ਦਾ ਅਸਾਰ ਸਿਰਫ਼ ਕਾਸ਼ਤਕਾਰ ਨੂੰ ਨਹੀਂ ਹੁੰਦਾ ਸਗੋਂ ਗੈਰ-ਖੇਤੀ ਖੇਤਰ ਦੇ ਉੱਤੇ ਵੀ ਪ੍ਰਭਾਵ ਪੈਂਦੇ ਹਨ ਜਿਵੇਂ ਜੇਕਰ ਖੇਤੀ ਪਦਾਰਥਾਂ ਦੀ ਕੀਮਤ ਵੱਧ ਜਾਏ ਤਾਂ ਖਾਦ ਪਦਾਰਥ ਅਤੇ ਕੱਚਾ ਮਾਲ ਮਹਿੰਗਾ ਹੋ ਜਾਵੇਗਾ ਜਿਸ ਨਾਲ ਗੈਰ-ਖੇਤੀ ਖੇਤਰ ਦੇ ਲਾਭ ਅਤੇ ਵਾਧੇ ਉੱਤੇ ਉਲਟਾ ਅਸਰ ਹੋਵੇਗਾ। ਜੇਕਰ ਖੇਤੀ ਖੇਤਰ ਦੀਆਂ ਕੀਮਤਾਂ ਘੱਟ ਜਾਣ ਤਾਂ ਕਾਸ਼ਤਕਾਰ ਦਾ ਨੁਕਸਾਨ ਹੋਵੇਗਾ ਅਤੇ ਗੈਰ-ਖੇਤੀ ਖੇਤਰ ਦਾ ਫਾਇਦਾ ਇਹ ਨਾਂ ਕੇਵਲ ਉਤਪਾਦ ਅਤੇ ਆਦਾਨਾਂ ਦੇ ਬਹਾਵ ਵਿੱਚ ਵਿਘਨ ਪਾਏਗਾ ਸਗੋਂ ਦੋਨੋਂ ਖੇਤਰਾਂ ਦੇ ਤੁਲਨਾਤਮਕ ਨਸੀਬ ਦੇ ਵਿੱਚ ਵੀ ਵਿਘਨ ਪਾਏਗਾ।

ਖੇਤੀ ਪਦਾਰਥਾਂ ਦੀਆਂ ਕੀਮਤਾਂ ਵਿੱਚ ਉਦਯੋਗਿਕ ਪਦਾਰਥਾਂ ਦੀਆਂ ਕੀਮਤਾਂ ਮੁਕਾਬਲੇ ਜਲਦੀ ਉਤਾਰ-ਚੜ੍ਹਾਓ ਆਉਂਦੇ ਹਨ, ਜਿਸਦਾ ਕਾਰਨ ਹੈ ਇਨ੍ਹਾਂ ਵਸਤਾਂ ਦੀ ਮੰਗ ਅਤੇ ਪੂਰਤੀ ਦਾ ਸੁਭਾਅ। ਪੂਰਤੀ ਅਤੇ ਮੰਗ ਦੋਨੋਂ ਹੀ ਘੱਟ ਲਚਕਸ਼ੀਲ ਹੁੰਦੀਆਂ ਹਨ। ਇਸ ਲਈ ਇਹ ਜਾਨਣਾ ਜਰੂਰੀ ਹੈ ਕਿ ਖੇਤੀ ਪਦਾਰਥਾਂ ਦੀ ਮੰਗ ਅਤੇ ਪੂਰਤੀ ਘੱਟ ਕੀਮਤ ਲਚਕਸ਼ੀਲ (Less price elasticity) ਕਿਉਂ ਹੈ।

**(ੳ)** **ਖੇਤੀ ਪਦਾਰਥਾਂ ਦੀ ਮੰਗ:** ਖੇਤੀ ਫਸਲਾਂ ਦੀ ਮੰਗ ਜਾਣਨ ਲਈ ਇਨ੍ਹਾਂ ਦਾ ਵਰਗੀਕਰਨ ਦੋ ਤਰ੍ਹਾਂ ਦੀਆਂ ਫ਼ਸਲਾਂ ਵਿੱਚ ਹੋ ਸਕਦਾ ਹੈ। ਖਾਦ ਫ਼ਸਲਾਂ ਅਤ ਰੇਸ਼ੇਦਾਰ ਫ਼ਸਲਾਂ। ਜਿੱਥੇ ਤੱਕ ਖਾਦ ਫਸਲਾਂ ਦਾ ਸੁਆਲ ਹੈ ਲੋਕ ਇਨ੍ਹਾਂ ਫਸਲਾਂ ਲਈ ਆਪਣੀ ਮੰਗ ਨੂੰ ਨਹੀਂ ਬਦਲ ਸਕਦੇ ਜੀਵ ਵਿਗਿਆਨਕ ਤੌਰ ਉੱਤੇ ਜਿੰਨੀ ਉਨ੍ਹਾਂ ਨੂੰ ਇਹ ਖਾਦ ਫਸਲਾਂ ਲੈਣੀਆਂ ਚਾਹੀਦੀਆਂ ਹਨ, ਉੱਨੀ ਹੀ ਉਹ ਲੈਂਦੇ ਹਨ। ਜੇਕਰ ਕਿਸੇ ਦੇਸ਼ ਦੇ ਲੋਕਾਂ ਕੋਲ ਲੋੜੀਂਦੀ ਆਮਦਨ ਹੈ ਅਤੇ ਉਹ ਖਾਦ ਫਸਲਾਂ ਦਾ ਸੇਵਨ ਕਰ ਰਹੇ ਹਨ, ਜਿੰਨਾ ਉਨ੍ਹਾਂ ਨੂੰ ਕਰਨਾਂ ਚਾਹੀਦਾ ਹੈ ਤਾਂ ਫਸਲਾਂ ਦੀ ਕੀਮਤ ਵਿੱਚ ਜੇ ਕੋਈ ਘਾਟਾ ਹੁੰਦਾ ਵੀ ਹੈ ਉਹ ਖਪਤ ਨਹੀਂ ਵਧਾਉਣਗੇ। ਇਸੇ ਤਰ੍ਹਾਂ ਜੇਕਰ ਇਨ੍ਹਾਂ ਫਸਲਾਂ ਦੀ ਕੀਮਤਾਂ ਵਿੱਚ ਜੇਕਰ ਕੋਈ ਵਾਧਾ ਹੁੰਦਾ ਹੈ ਤਾਂ ਵੀ ਲੋਕ ਉੱਨੀ ਹੀ ਖਪਤ ਕਰਨਗੇ। ਇਸ ਕਰਕੇ ਖਾਦ ਫਸਲਾਂ ਲਈ ਮੰਗ ਬਹੁਤ ਹੀ ਘੱਟ ਲਚਕਸ਼ੀਲ ਹੋਵੇਗੀ ਖਾਸ ਕਰਕੇ ਵੱਧ ਆਮਦਨ ਵਾਲੇ ਦੇਸ਼ਾਂ ਵਾਸਤੇ ਅਤੇ ਇਸ ਪਾਠ ਵਿੱਚ ਅਸੀਂ ਅਸਥਿਰਤਾ ਦਾ ਅਧਿਐਨ ਵੀ ਵੱਧ ਆਮਦਨ ਵਾਲੇ ਦੇਸ਼ਾਂ ਵਿੱਚ ਕਰ ਰਹੇ ਹਾਂ। ਰੇਸ਼ੇਦਾਰ ਫਸਲਾਂ ਲਈ ਮੰਗ, ਖਾਦ ਫਸਲਾਂ ਦੀ ਮੰਗ ਤੋਂ ਵੱਧ ਲਚਕਸ਼ੀਲ ਹੁੰਦੀ ਹੈ। ਸਾਰੇ ਵਿਕਸਿਤ ਦੇਸ਼ਾਂ

ਵਿੱਚ ਫੇਰ ਵੀ ਇਸ ਮੰਗ ਦੀ ਲਚਕ ਇੱਕ ਤੋਂ ਘੱਟ ਹੈ। ਇਸ ਦਾ ਕਾਰਨ ਇਹ ਹੈ ਕਿ ਜ਼ਿਆਦਾਤਰ ਰੇਸ਼ੇਦਾਰ ਫ਼ਸਲਾਂ ਜ਼ਿੰਦਗੀ ਦੀਆਂ ਰੋਜ਼ ਮਰਾ ਦੀਆਂ ਲੋੜਾਂ ਪੂਰੀਆਂ ਕਰਨ ਵਾਸਤੇ ਹੁੰਦੀਆਂ ਹਨ ਇਸ ਕਰਕੇ ਇਨ੍ਹਾਂ ਦੇ ਮੰਗ ਦੀ ਲਚਕ ਕਿਸੇ ਸਮੇਂ ਬਹੁਤ ਜ਼ਿਆਦਾ ਨਹੀਂ ਹੋ ਸਕਦੀ।

(ਅ) **ਖੇਤੀ ਪਦਾਰਥਾਂ ਦੀ ਪੂਰਤੀ:** ਖੇਤੀ ਪਦਾਰਥਾਂ ਦੀ ਪੂਰਤੀ ਦੀ ਕੀਮਤ ਲਚਕਤਾ ਘੱਟ ਹੋਣ ਦੇ ਹੇਠ ਲਿਖੇ ਕਾਰਨ ਹਨ:

(1) **ਲਾਗਤਾਂ ਦਾ ਸੁਭਾਅ:** ਖੇਤੀ ਪਦਾਰਥਾਂ ਦੀ ਪੂਰਤੀ ਦੇ ਲਚਕਹੀਣ ਹੋਣ ਦਾ ਇਹ ਸਭ ਤੋਂ ਵੱਡਾ ਕਾਰਨ ਹੈ। ਅਲਪਕਾਲ ਵਿੱਚ ਉਤਪਾਦਨ ਲਾਗਤ ਦੋ ਤਰ੍ਹਾਂ ਦੀ ਹੋ ਸਕਦੀ ਹੈ ਅਪਰਿਵਰਤਨਸ਼ੀਲ ਜਾਂ ਸਥਿਰ (Fixed) ਅਤੇ ਪਰੀਵਰਤਨਸ਼ੀਲ ਅਸਥਿਰ ਜਾਂ ਚਰ (Variable) ਸਾਨੂੰ ਪਤਾ ਹੈ ਉਤਪਾਦਨ ਉਦੋਂ ਤੱਕ ਹੁੰਦਾ ਰਹੇਗਾ ਜਦੋਂ ਤੱਕ ਔਸਤ ਚਰ ਲਾਗਤਾਂ ਹਾਸਲ ਹੋਣ ਭਾਵੇਂ ਕੀਮਤਾਂ ਡਿੱਗ ਵੀ ਰਹੀਆਂ ਹੋਣ। ਵਿਕਸਿਤ ਦੇਸ਼ਾਂ ਵਿੱਚ ਅਸਥਿਰ ਲਾਗਤਾਂ ਨਾਲੋਂ ਸਥਿਰ ਲਾਗਤਾਂ ਜ਼ਿਆਦਾ ਹੁੰਦੀਆਂ ਹਨ। ਇਸ ਕਰਕੇ ਕੀਮਤਾਂ ਦੇ ਗਿਰਨ ਤੇ ਵੀ ਚਰ ਲਾਗਤਾਂ ਦੀ ਪ੍ਰਾਪਤੀ ਕਾਰਨ ਫਸਲਾਂ ਦਾ ਉਤਪਾਦਨ ਹੁੰਦਾ ਰਹਿੰਦਾ ਹੈ। ਕੀਮਤ ਉਤਪਾਦਨ ਵਿੱਚ ਸਮਾਂ ਵੀ ਵੱਧ ਲਗਦਾ ਹੈ, ਇਸ ਕਰਕੇ ਅਸਥਿਰ ਲਾਗਤਾਂ, ਸਥਿਰ ਲਾਗਤਾਂ ਵਿੱਚ ਬਦਲ ਜਾਂਦੀਆਂ ਹਨ।

(2) **ਉਤਪਾਦਨ ਪ੍ਰਕ੍ਰਿਆ ਦਾ ਜੀਵ-ਵਿਗਿਆਨਕ ਸੁਭਾਅ:** ਫਸਲਾਂ ਦੇ ਜੀਵਨ ਵਿਗਿਆਨਕ ਸੁਭਾਅ ਕਾਰਨ ਜੇਕਰ ਕੋਈ ਫਸਲ ਬੀਜ ਲਈ ਗਈ ਹੈ ਉਸ ਤੋਂ ਬਾਦ ਉਸਦੀ ਕੀਮਤ ਵੀ ਡਿੱਗ ਗਈ ਹੈ ਤਾਂ ਉਤਪਾਦਨ ਰੋਕਿਆ ਨਹੀਂ ਜਾ ਸਕਦਾ ਜਾਂ ਖੇਤੀ ਪਦਾਰਥਾਂ ਦੇ ਬੀਜਣ ਤੋਂ ਬਾਦ ਕੀਮਤ ਵਧਣ ਨਾਲ ਉਸੇ ਰੁੱਤ ਵਿੱਚ ਉਸ ਵਸਤ ਦਾ ਜ਼ਿਆਦਾ ਖੇਤਰ ਵਿੱਚ ਉਤਪਾਦਨ ਸ਼ੁਰੂ ਨਹੀਂ ਕੀਤਾ ਜਾ ਸਕਦਾ ਹੈ ਕਿਉਂਕਿ ਫਸਲ ਦੇ ਬੀਜਣ ਨੂੰ ਖਾਸ ਤਰ੍ਹਾਂ ਦਾ ਮੌਸਮ ਚਾਹੀਦਾ ਹੁੰਦਾ ਹੈ।

(3) **ਮੰਡੀ ਦਾ ਢਾਂਚਾ:** ਮੰਡੀ ਦਾ ਸੁਭਾਅ ਵੀ ਕਿਸੇ ਇੱਕ ਰੁੱਤ ਵਿੱਚ ਖੇਤੀ ਪਦਾਰਥਾਂ ਦੀ ਪੂਰਤੀ ਨੂੰ ਲਚਕਹੀਣ ਬਣਾਉਂਦਾ ਹੈ। ਬਹੁਤ ਸਾਰੇ ਕਿਸਾਨ ਹੁੰਦੇ ਹਨ ਅਤੇ ਸ਼ੂਲਜ ਮੁਤਾਬਕ ਇਨ੍ਹਾਂ ਦਾ ਕੋਈ ਸੰਗਠਨ ਨਹੀਂ ਹੁੰਦਾ। ਇਸ ਕਾਰਨ ਜੇਕਰ ਕਿਸੇ ਫਸਲ ਦੀ ਮੰਗ ਵਿੱਚ ਤਬਦੀਲੀ ਵੀ ਉਸ ਫਸਲ ਦੀ ਪੂਰਤੀ ਨੂੰ ਘਟਾ-ਵਧਾ ਨਹੀਂ ਸਕਦੀ ਕਿਉਂਕਿ ਕਿਸਾਨ ਅਸੰਗਠਿਤ ਹੁੰਦੇ ਹਨ। ਫਸਲ ਦੀ ਕੀਮਤ ਉਦੋਂ ਵਧਦੀ ਘਟਦੀ ਹੈ ਜਦੋਂ ਫਸਲ ਦੀ ਮੰਗ ਘਟਦੀ ਵਧਦੀ ਹੈ। ਇਸ ਦੇ ਉਲਟ ਉਦਯੋਗਾਂ ਵਿੱਚ ਉਤਪਾਦਨ ਕਰਨ ਵਾਲਿਆਂ ਵਿੱਚ ਏਕਾ ਹੁੰਦਾ ਹੈ ਉਹ ਸੰਗਠਿਤ ਹੁੰਦੇ ਹਨ ਇਸ ਕਰਕੇ ਮੰਗ ਵਿੱਚ ਆਈ ਤਬਦੀਲੀ ਮੁਤਾਬਕ ਉਹ ਉਤਪਾਦਨ ਘਟਾ ਵਧਾ ਲੈਂਦੇ ਹਨ ਇਸ ਕਰਕੇ ਕੀਮਤਾਂ ਘਟਦੀਆਂ-ਵਧਦੀਆਂ ਨਹੀਂ ਹਨ।

(4) **ਕਾਸ਼ਤ ਹੇਠ ਕੁੱਲ ਖੇਤਰ ਦੀ ਲਚਕਹੀਣਤਾ:** ਇਹ ਵੀ ਇੱਕ ਮਹੱਤਵਪੂਰਨ ਕਾਰਨ ਹੈ। ਜਦੋਂ ਕਿਸੇ ਫਸਲ ਦੀ ਕੀਮਤ ਵਧਦੀ ਹੈ ਤਾਂ ਉਸਦਾ ਉਤਪਾਦਨ ਵਧਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਪਰ ਇਹ ਉਤਪਾਦਨ ਵਧਾ ਲਿਆ ਜਾਂਦਾ ਹੈ ਭਾਵ ਇੱਕ ਫ਼ਸਲ ਦੇ ਉਤਪਾਦਨ ਨੂੰ ਨਾਂ ਕਰਦੇ ਜਿਸ ਫ਼ਸਲ ਦੀ ਕੀਮਤ ਵਧੀ ਹੈ ਉਸ ਨੂੰ ਬੀਜ ਲਿਆ ਜਾਂਦਾ ਹੈ। ਪਰ ਜੇਕਰ ਸਾਰੀਆਂ ਫਸਲਾਂ ਦੀਆਂ ਕੀਮਤਾਂ ਵਿੱਚ ਵਾਧਾ ਹੋ ਜਾਵੇ ਤਾਂ ਉਤਪਾਦਨ ਨਹੀਂ ਵੱਧ ਕੀਤਾ ਜਾ ਸਕੇਗਾ ਕਿਉਂਕਿ ਕਿਸੇ ਵੀ ਦੇਸ਼ ਵਿੱਚ ਭੂਮੀ, ਜਿਹੜੀ ਕਿ ਖੇਤੀ ਉਤਪਾਦਨ ਦਾ ਮੁੱਖ ਸਾਧਨ ਹੈ ਉਸਦੀ ਪੂਰਤੀ ਸਥਿਰ ਹੈ।

(5) **ਕਿਰਤ ਦੀ ਅਲਚਤਾ:** ਜਿਵੇਂ ਕਿ ਅਸੀਂ ਹੁਣੇ ਪੜ੍ਹਿਆ ਕਿ ਖੇਤਰ ਘਟਾਇਆ ਵਧਾਇਆਂ ਨਹੀਂ ਜਾਂ ਸਕਦਾ। ਇਸ ਲਈ ਜਦੋਂ ਫਸਲਾਂ ਦੀਆਂ ਕੀਮਤਾਂ ਵਿੱਚ ਵਾਧਾ ਹੁੰਦਾ ਹੈ ਤਾਂ ਉਤਪਾਦਨ ਵੱਧ ਨਹੀਂ ਪਾਉਂਦਾ। ਇਹ ਤਾਂ ਹੋ ਗਿਆ ਕਿ ਖੇਤਰ ਨਾ ਵਧਾ ਸਕਣ ਕਰਕੇ ਉਤਪਾਦਨ ਨਹੀਂ ਵਧਿਆ ਪਰ ਜਦੋਂ ਕੀਮਤਾਂ ਘੱਟ ਹੁੰਦੀਆਂ ਹਨ ਉਦੋਂ ਉਤਪਾਦਨ ਕਿਉਂ ਨਹੀਂ ਘਟਦਾ ਤਾਂ ਇਹ ਉਦੋਂ ਹੁੰਦਾ ਹੈ ਜਦੋਂ ਉਦਯੋਗਿਕ ਖੇਤਰ ਵਿੱਚ ਮੰਦੇ ਦੀ ਸਥਿਤੀ ਆਉਂਦੀ ਹੈ ਅਤੇ ਕੱਚਾ ਮਾਲ ਚਾਹੀਦਾ ਨਹੀਂ ਹੁੰਦਾ ਉਤਪਾਦਨ ਬੰਦ ਹੋ ਕਾਰਨ ਬੇਰੁਜ਼ਗਾਰੀ ਵੱਧ ਜਾਂਦੀ ਹੈ। ਇਸ ਕਰਕੇ ਅੰਨ ਦੀ ਮੰਗ ਵੀ ਘੱਟ ਜਾਂਦੀ ਹੈ।

**2.4.3.2 ਆਮਦਨ ਵਿੱਚ ਅਸਥਿਰਤਾ:** ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਜਦੋਂ ਕੀਮਤਾਂ ਵਿਚ ਅਸਥਿਰਤਾ ਆਉਂਦੀ ਹੈ। ਉਦੋਂ ਆਮਦਨ ਵਿੱਚ ਅਸਥਿਰਤਾ ਵੀ ਨਾਲੋਂ ਨਾਲ ਆਉਂਦੀ ਹੈ। ਜਦੋਂ ਕੀਮਤਾਂ ਘਟਦੀਆਂ ਜਾਂ ਵਧਦੀਆਂ ਹਨ ਤਾਂ ਕਿਸਾਨ ਦੀ ਆਮਦਨ ਵੀ ਘਟਦੀ ਵਧਦੀ ਹੈ। ਜਦੋਂ ਖੇਤੀ ਵਸਤਾਂ ਦੀ ਮੰਗ ਵਧੇ ਅਤੇ ਪੂਰਤੀ ਨਾਂ ਵਧੇ ਤਾਂ ਕੀਮਤ ਵਧਦੀ ਹੈ ਅਤੇ ਕੁੱਲ ਆਮਦਨ ਵੀ ਵੱਧ ਜਾਂਦੀ ਹੈ। ਜੇਕਰ ਪੂਰਤੀ ਵੱਧ ਜਾਵੇ ਅਤੇ ਮੰਗ ਨਾਂ ਵਧੇ ਤਾਂ ਕੀਮਤਾਂ ਘੱਟ ਜਾਣਗੀਆਂ ਅਤੇ ਨਾਲੋਂ ਨਾਲ ਹੀ ਕਿਸਾਨ ਦੀ ਆਮਦਨ ਵੀ ਘੱਟ ਜਾਵੇਗੀ।

ਕੁਝ ਹਾਲਤਾਂ ਇਹੋ ਜਿਹੀਆਂ ਵੀ ਹਨ ਜਦੋਂ ਕੀਮਤਾਂ ਵਿੱਚ ਤਬਦੀਲੀ ਨਹੀਂ ਆਉਂਦੀ ਪਰ ਆਮਦਨ ਵਿਚ ਤਬਦੀਲੀ ਆਉਂਦੀ ਹੈ ਭਾਵ ਖੇਤੀ ਦੇ ਖੇਤਰ ਵਿੱਚ ਕੀਮਤਾਂ ਦੀ ਅਸਥਿਰਤਾ ਤੋਂ ਬਿਨਾਂ ਵੀ ਆਮਦਨ ਵਿੱਚ ਅਸਥਿਰਤਾ ਹੋ ਸਕਦੀ ਹੈ। ਉਦਾਹਰਣ ਦੇ ਤੋਰ ਤੇ ਖੇਤੀ ਵਸਤਾਂ ਦੀ ਮੰਗ ਅਤੇ ਪੂਰਤੀ ਵਿੱਚ ਇੱਕੋ ਜਿਨ੍ਹਾਂ ਹੀ ਵਾਧਾ ਘਾਟਾ ਹੋਵੇ ਤਾਂ ਕੀਮਤਾਂ ਨਹੀਂ ਬਦਲੀਆਂ ਪਰ ਕਿਸਾਨ ਦੀ ਆਮਦਨ ਵਿੱਚ ਵਾਧਾ ਘਾਟਾ ਹੋ ਸਕਦਾ ਹੈ। ਜਿਵੇਂ ਦੇਸ ਵਿੱਚ ਮੰਦੇ ਦੀ ਸਥਿਤੀ ਹੋਵੇ ਅਤੇ ਖੇਤੀ ਉਤਪਾਦਨ ਦੀ ਮੰਗ ਘਟ ਜਾਵੇ ਅਤੇ ਦੂਜੇ ਪਾਸੇ ਸੋਕੇ ਦੇ ਕਾਰਨ ਖੇਤੀ ਉਤਪਾਦਨ ਘੱਟ ਹੋ ਗਿਆ ਹੋਵੇ। ਇਸੇ ਤਰ੍ਹਾਂ ਦੀ ਅਰਥਵਿਵਸਥਾ ਵਿੱਚ ਤੇਜ਼ੀ ((boom) ਆਵੇ ਅਤੇ ਖੇਤੀ ਉਤਪਾਦਨ ਦੀ ਮੰਗ ਵੱਧ ਜਾਵੇ ਅਤੇ ਦੂਜੇ ਪਾਸੇ ਖੇਤੀ ਉਤਪਾਦਨ ਕੁਦਰਤੀ ਮੌਸਮੀ ਹਾਲਾਤਾਂ ਕਰਕੇ ਵੱਧ ਗਿਆ ਹੋਵੇ।

ਇੱਕ ਹੋਰ ਵੀ ਕਾਰਨ ਹੈ ਆਮਦਨ ਵਿੱਚ ਅਸਥਿਰਤਾ ਨੂੰ ਅਲੱਗ ਹੀ ਕਿਉਂ ਪੜ੍ਹਿਆ ਜਾਂਦਾ ਹੈ। ਆਮਦਨ ਵਿੱਚ ਸਥਿਰਤਾ ਲਿਆਉਣ ਲਈ ਕੁਝ ਉਪਰਾਲੇ ਕੀਤੇ ਜਾਂਦੇ ਹਨ, ਜਿਸ ਕਰਕੇ ਕੀਮਤਾਂ ਵਿੱਚ ਵੀ ਸਥਿਰਤਾ ਆ ਜਾਂਦੀ ਹੈ। ਪਰ ਪ੍ਰਤੱਖ ਆਮਦਨ ਹਸਤਾਂਤਰਣ ਨਾਲ ਕੀਮਤਾਂ ਵਿੱਚ ਸਥਿਰਤਾ ਨਹੀਂ ਆਉਂਦੀ। ਇਸੇ ਤਰ੍ਹਾਂ ਹੀ ਕੁਝ ਉਪਰਾਲੇ ਕੀਤੇ ਜਾਂਦੇ ਹਨ, ਜਿਸ ਕਰਕੇ ਕੀਮਤਾਂ ਵਿੱਚ ਵੀ ਸਥਿਰਤਾ ਆ ਜਾਂਦੀ ਹੈ। ਪਰ ਪ੍ਰਤੱਖ ਆਮਦਨ ਹਸਤਾਂਤਰਣ ਨਾਲ ਕੀਮਤਾਂ ਵਿੱਚ ਸਥਿਰਤਾ ਨਹੀਂ ਆਉਂਦੀ। ਇਸੇ ਤਰ੍ਹਾਂ ਹੀ ਕੁਝ ਉਪਰਾਲੇ ਜਿਨ੍ਹਾਂ ਨਾਲ ਕੀਮਤਾਂ ਅਤੇ ਆਮਦਨ ਵਿੱਚ ਸਥਿਰਤਾ ਆਉਂਦੀ ਹੋਵੇ ਪਰ ਨਤੀਜੇ ਵੱਖ ਹੋ ਜਾਂਦੇ ਸਕਦੇ ਹਨ ਦੋਹਾਂ ਵਿੱਚ ਸਥਿਰਤਾ ਬਰਾਬਰ ਨਹੀਂ ਹੋਵੇਗੀ ਅਤੇ ਹੋ ਸਕਦਾ ਹੈ ਕਿ ਇੱਕੋ ਦਿਸ਼ਾ ਵਿੱਚ ਵੀ ਨਾਂ ਹੋਵੇ

ਕੀਮਤਾਂ ਅਤੇ ਆਮਦਨ ਉੱਤੇ ਮੰਡੀ ਦੀਆਂ ਤਾਕਤਾਂ ਦਾ ਵੱਖ-ਵੱਖ ਪ੍ਰਭਾਵ ਅਤੇ ਕਾਬੂ ਕਰਨ ਵਾਲੇ ਉਪਰਾਲਿਆਂ ਦਾ ਵੱਖ ਪ੍ਰਭਾਵ, ਨੀਤੀ ਬਣਾਉਣ ਵਾਲਿਆਂ ਨੂੰ ਹਦਾਇਤ ਕਰਦਾ ਹੈ ਕਿ ਕੀਮਤ ਅਸਥਿਰਤਾ ਅਤੇ ਆਮਦਨ ਅਸਥਿਰਤਾ ਨਾਲ ਨਜੀਠਣ ਵਾਸਤੇ ਵੱਖ-ਵੱਖ ਨੀਤੀਆਂ ਬਣਾਉਣ। ਕੀਮਤ ਅਸਥਿਰਤਾ ਵਾਂਗ ਆਮਦਨ ਅਸਥਿਰਤਾ ਵੀ ਗੈਰ-ਖੇਤੀ ਖੇਤਰ ਦੇ ਮੁਕਾਬਲੇ ਖੇਤੀ ਖੇਤਰ ਵਿੱਚ ਜ਼ਿਆਦਾ ਹੁੰਦੀ ਹੈ।

**ਸਾਰਣੀ: 1**

| Net income Per Head of Agricultural Population | | Net Income Per Head of Non-Agricultural Population | |
|---|---|---|---|
| Period | Percentage change from the first to the last year of the period | Period | Percentage change from the first to the last year of the period |
| 1911-19 | + 1150 | 1911-20 | + 88 |
| 1919-21 | -152 | 1920-22 | -18 |
| 1921-29 | + 87 | 1922-29 | + 22 |
| 1929-32 | -157 | 1929-33 | -52 |
| 1932-37 | + 153 | 1933-37 | + 59 |
| 1937-38 | - 19 | 1937-38 | -7 |
| 1938-43 | + 213 | 1938-43 | + 101 |

ਸਾਰਣੀ ਤੋਂ ਸਾਫ਼ ਪਤਾ ਲੱਗਦਾ ਹੈ ਕਿ ਉਤਾਰ ਚੜ੍ਹਾਅ ਦੀ ਮਾਤਰਾ ਖੇਤੀ ਖੇਤਰ ਵਿੱਚ ਗੈਰ ਖੇਤੀ ਖੇਤਰ ਦੇ ਮੁਕਾਬਲੇ ਜ਼ਿਆਦਾ ਹੈ।

**ਸਵੈ ਅਭਿਆਸ ਪ੍ਰਸ਼ਨ**

**ਪ੍ਰ:1 ਅਸਥਿਰਤਾ ਦੀਆਂ ਕਿਹੜੀਆਂ ਕਿਸਮਾਂ ਹਨ?**

**ਪ੍ਰ:2 ਖੇਤੀ ਦੇ ਖੇਤਰ ਵਿੱਚ ਆਮਦਨ ਦੀ ਅਸਥਿਰਤਾ ਦੀ ਵਿਆਖਿਆ ਕਰੋ?**

**2.4.4 ਅਸਥਿਰਤਾ ਦੇ ਕਾਰਨ:** ਇਸ ਵਿੱਚ ਅਸੀਂ ਖੇਤੀ ਦੇ ਖੇਤਰ ਵਿੱਚ ਕੀਮਤ ਅਸਥਿਰਤਾ ਅਤੇ ਆਮਦਨ ਅਸਥਿਰਤਾ ਦੇ ਕਾਰਨਾਂ ਦੀ ਵਿਆਖਿਆ ਕਰਾਂਗੇ। ਇਨ੍ਹਾਂ ਨੂੰ ਇਕੱਠਿਆਂ ਵੀ ਲਿਆ ਜਾ ਸਕਦਾ ਹੈ ਕਿਉਂਕਿ ਦੋਹਾਂ ਲਈ ਕਾਰਨ ਇੱਕੋ ਹੀ ਹਨ(ਪਰ ਕੀਮਤ ਅਤੇ ਆਮਦਨ ਲਈ ਇਨ੍ਹਾਂ ਕਾਰਕਾਂ ਦਾ ਪ੍ਰਭਾਵ ਇੱਕੋ ਨਹੀਂ ਹੈ)ਖੇਤੀ ਕੀਮਤਾਂ ਅਤੇ ਆਮਦਨ ਵਿੱਚ ਉਤਾਰ ਚੜ੍ਹਾਅ ਦੇ ਲਈ ਕਈ ਕਾਰਕ ਜ਼ਿੰਮੇਵਾਰ ਹਨ ਜਿਵੇਂ

(1) **ਲੰਬੇ ਕਾਲ ਦੀਆਂ ਗਤੀ ਵਿਧੀਆਂ:** ਇਹ ਗਤੀਵਿਧੀਆਂ ਕੀਮਤਾਂ ਅਤੇ ਆਮਦਨ ਵਿੱਚ ਕਈ ਕਾਰਕਾਂ ਕਰਕੇ ਜਿਹੜੇ ਕਿ ਬਹੁਤ ਲੰਬੇ ਸਮੇਂ ਤੋਂ ਪ੍ਰਭਾਵਸ਼ਾਲੀ ਹੁੰਦੇ ਹਨ ਉਨ੍ਹਾਂ ਕਾਰਕਾਂ ਕਰਕੇ ਹੁੰਦੀਆਂ ਹਨ। ਇਹ ਕਾਰਕ ਮੰਗ ਅਤੇ ਪੂਰਤੀ ਦੀਆਂ ਹਾਲਤਾਂ ਵਿੱਚ ਬਦਲਾਅ ਲੈ ਆਉਂਦੇ ਹਨ ਜਿਵੇਂ ਦੇਸ਼ ਦੀ ਵਸੋਂ ਵਿੱਚ ਤਬਦੀਲੀ ਨਵੀਂ ਮੰਡੀਆਂ ਦਾ ਖੁੱਲ੍ਹਣਾ ਨਵੀਂ ਤਕਨੀਕ ਦਾ ਵਿਕਾਸ ਆਦਿ। ਇਨ੍ਹਾਂ ਕਾਰਨਾਂ ਕਰਕੇ ਤਬਦੀਲੀ ਚਿਰ ਸਥਾਈ ਹੁੰਦੀ ਹੈ।

(2) **ਚੱਕਰੀ ਉਤਾਰ-ਚੜ੍ਹਾਓ:** ਚਕਰੀ ਉਤਾਰ-ਚੜ੍ਹਾਓ ਕਾਰਨ ਇੱਕ ਰੁਝਾਨ ਦੇ ਆਲ਼ੇ ਦੁਆਲੇ ਵਿਵਸਥਿਤ ਗਤੀਵਿਧੀਆਂ ਦਰਸਾਉਂਦੀਆਂ ਹਨ। ਖੇਤੀ ਬਾੜੀ ਖੇਤਰ ਵਿੱਚ ਇਹ ਉਤਾਰ-ਚੜ੍ਹਾਓ ਉਦਯੋਗਿਕ ਖੇਤਰ ਦੇ ਵਪਾਰਕ ਚੱਕਰਾਂ ਕਾਰਨ ਆਏ ਉਤਾਰ ਚੜ੍ਹਾਅ ਕਾਰਨ ਆਉਂਦੇ ਹਨ। ਪੂੰਜੀਵਾਦੀ ਉਤਪਾਦਨ ਪ੍ਰਣਾਲੀ ਹੋਣ ਕਾਰਨ ਸਭ ਤੋਂ ਪਹਿਲਾਂ ਇਹ ਤਬਦੀਲੀਆਂ ਉਦਯੋਗਿਕ ਖੇਤਰ ਵਿੱਚ ਆਉਂਦੀਆਂ ਹਨ। ਸੰਨ 1939 ਤੋਂ ਪਹਿਲਾਂ ਇਨ੍ਹਾਂ ਉਤਾਰ-ਚੜ੍ਹਾਓ ਦਾ ਚੱਕਰ 15 ਤੋਂ 9 ਸਾਲ ਤੱਕ ਰਹਿੰਦਾ ਸੀ। ਪਰ ਦੂਜੇ ਵਿਸ਼ਵ ਯੁੱਧ ਤੋਂ ਬਾਦ ਕਾਫ਼ੀ ਸਾਰੇ ਮੌਦਰਿਕ ਅਤੇ ਫਿਸਕਲ ਉਪਰਾਲਿਆਂ ਕਾਰਨ ਇਨ੍ਹਾਂ ਦੀ ਹੋਂਦ ਤੇ ਸਮਾਂ ਕਾਲ ਦੋਵੇਂ ਹੀ ਘੱਟ ਹੋ ਗਏ ਹਨ। ਉਦਯੋਗਿਕ ਖੇਤਰ ਖਾਣ-ਪੀਣ ਦੇ ਸਾਮਾਨ ਅਤੇ ਕੱਚੇ ਮਾਲ ਵਾਸਤੇ ਖੇਤੀ ਦੇ ਖੇਤਰ ਦੇ ਉੱਤੇ ਨਿਰਭਰ ਹੁੰਦਾ ਹੈ। ਇਸ ਕਾਰਨ ਜਦੋਂ ਵੀ ਉਦਯੋਗਿਕ ਖੇਤਰ ਵਿੱਚ ਉਤਾਰ-ਚੜ੍ਹਾਓ ਆਉਂਦਾ ਹੈ ਨਾਲੋਂ ਨਾਲ ਹੀ ਖੇਤੀ ਖੇਤਰ ਦੇ ਉਤਪਾਦਾਂ ਦੀ ਮੰਗ ਵੀ ਪ੍ਰਭਾਵਿਤ ਹੁੰਦੀ ਹੈ। ਕਿਉਂਕਿ ਖੇਤੀ ਉਤਪਾਦਾਂ ਦੀ ਪੂਰਤੀ ਲਚਕਹੀਣ ਹੁੰਦੀ ਹੈ ਇਸ ਕਾਰਨ ਮੰਗ ਵਿੱਚ ਆਈ ਤੇਜ਼ੀ ਕੀਮਤਾਂ ਅਤੇ ਕਿਸਾਨਾਂ ਦੀ ਆਮਦਨ ਵਿੱਚ ਬਹੁਤ ਜ਼ਿਆਦਾ ਬਦਲਾਅ ਲੈ ਆਉਂਦੀ ਹੈ। ਪਰ ਇਸ ਤਰ੍ਹਾਂ ਵੀ ਨਹੀਂ ਹੈ ਕਿ ਖੇਤੀ ਦੇ ਖੇਤਰ ਵਿੱਚ ਆਪਣੇ ਆਪ ਉਤਾਰ-ਚੜ੍ਹਾਓ ਨਹੀਂ ਆਉਂਦੇ। ਖੇਤੀ ਦੇ ਖੇਤਰ ਵਿੱਚ ਵੀ ਉਤਾਰ-ਚੜ੍ਹਾਓ ਪਸ਼ੂ-ਪਾਲਣ, ਜ਼ਿਆਦਾਤਰ ਸੂਰ ਅਤੇ ਮੁਰਗੀ ਪਾਲਣ ਵਿੱਚ ਜਾਂ ਫਿਰ ਕੁਝ ਸਬਜ਼ੀਆਂ ਅਤੇ ਫਲਾਂ ਦੇ ਉਤਪਾਦਨ ਵਿੱਚ ਉਤਾਰ ਚੜ੍ਹਾਅ ਦੇਖੇ ਜਾ ਸਕਦੇ ਹਨ। ਇਸ ਚੱਕਰ ਦੀ ਲੰਬਾਈ ਉਤਪਾਦਨ ਦੇ ਜੀਵ-ਵਿਗਿਆਨਕ ਵਿਸ਼ੇਸ਼ਤਾਵਾਂ ਉੱਪਰ ਨਿਰਭਰ ਕਰਦਾ ਹੈ।


(3) **ਮੌਸਮੀ ਉਤਾਰ ਚੜ੍ਹਾਅ:** ਖੇਤੀ ਦੇ ਖੇਤਰ ਵਿੱਚ, ਕੀਮਤਾਂ ਅਤੇ ਕਿਸਾਨਾਂ ਦੀ ਆਮਦਨਾਂ ਦੇ ਉੱਤੇ ਮੌਸਮੀ ਉਤਾਰ-ਚੜ੍ਹਾਵਾਂ ਦਾ ਬਹੁਤ ਅਸਰ ਹੁੰਦਾ ਹੈ ਕਿਉਂਕਿ ਮੌਸਮੀ ਉਤਾਰ-ਚੜ੍ਹਾਓ ਹੁੰਦੇ ਹੀ ਖੇਤੀ ਦੇ ਖੇਤਰ ਵਿੱਚ ਹਨ। ਖੇਤੀ ਇੱਕ ਮੌਸਮੀ ਉਦਯੋਗ ਹੈ ਇਸ ਕਥਨ ਤੋਂ ਭਾਵ ਇਹ ਹੈ ਕਿ ਹਰ ਫ਼ਸਲ ਦੇ ਉੱਗਣ ਦਾ ਆਪਣਾ ਹੀ ਇੱਕ ਮੌਸਮ ਹੁੰਦਾ ਹੈ ਅਤੇ ਸਾਲ ਜਾਂ ਸਾਲ ਦਾ ਕੋਈ ਖਾਸ ਮਹੀਨਾ ਹੁੰਦਾ ਹੈ, ਜੇਕਰ ਕਿਸੇ ਨੇ ਉਸੇ ਫਸਲ ਦਾ ਹੋਰ ਉਤਪਾਦਨ ਕਰਨਾ ਹੈ ਤਾਂ ਉਸਨੂੰ ਸਾਲ ਦੇ ਲਈ ਇੰਤਜ਼ਾਰ ਕਰਨਾ ਪਵੇਗਾ। ਸਾਰੇ ਸਾਲ ਵਿੱਚ ਫ਼ਸਲ ਦੇ ਉਤਪਾਦਨ ਦੀ ਪੂਰਤੀ ਇੱਕ ਜਿਹੀ ਨਹੀਂ ਹੋ ਸਕਦੀ। ਪਰ ਖਾਦ ਫਸਲਾਂ ਦੀ ਮੰਗ ਸਾਰੇ ਸਾਲ ਤਕਰੀਬਨ ਇੱਕੋ ਜਿਹੀ ਹੋਵੇਗੀ ਪਰ ਪੂਰਤੀ ਦੇ ਬਦਲਦੇ ਹਾਲਾਤਾਂ ਕਰਕੇ ਕੀਮਤਾਂ ਅਤੇ ਕਿਸਾਨਾਂ ਦੀ ਆਮਦਨ ਬਹੁਤ ਜ਼ਿਆਦਾ ਪ੍ਰਭਾਵਿਤ ਹੁੰਦੀਆਂ ਹਨ।

(4) **ਸਾਲਾਨਾ ਉਤਾਰ-ਚੜ੍ਹਾਓ:** ਇਹ ਉਤਾਰ ਚੜ੍ਹਾਅ ਆਮ ਤੌਰ ਤੇ ਉਤਪਾਦਨ ਨੂੰ ਲੈਂਦੇ ਹੁੰਦੇ ਹਨ, ਇਹ ਉਨ੍ਹਾਂ ਖੇਤੀ ਪਦਾਰਥਾਂ ਦੇ ਉਤਪਾਦਨ ਵਿੱਚ ਆਉਂਦੇ ਹਨ ਜਿਨ੍ਹਾਂ ਦਾ ਉਤਪਾਦਨ ਆਮ ਕਰਕੇ ਸਾਲ ਵਿੱਚ ਹੋਣਾ ਹੀ

ਹੁੰਦਾ ਹੈ ਜਿਵੇਂ ਕਿ ਪੇੜ ਦੇ ਉਤਪਾਦਾਂ ਕਰਕੇ ਕਿਸੇ ਵੀ ਪੇੜ ਤੇ ਕਿੰਨੇ ਫਲ ਲੱਗਣਗੇ ਇਹ ਪਿਛਲੇ ਸਾਲਾਂ ਦੀ ਪੈਦਾਵਾਰ ਤੋਂ ਪਤਾ ਲਗਾਇਆ ਜਾ ਸਕਦਾ ਹੈ।

(5) **ਅਸਥਾਈ ਉਤਾਰ-ਚੜ੍ਹਾਓ:** ਇਹ ਖੇਤੀ ਦੇ ਖੇਤਰ ਵਿੱਚ, ਖੇਤੀ ਵਸਤਾਂ ਦੀ ਅਸਥਾਈ ਮੰਗ ਅਤੇ ਪੂਰਤੀ ਕਰਕੇ ਹੁੰਦੀ ਹੈ। ਸੋਕਾ, ਹੜ੍ਹ, ਕੀੜੇ, ਬੀਮਾਰੀਆਂ ਇਨ੍ਹਾਂ ਉਤਾਰ-ਚੜ੍ਹਾਓ ਦੇ ਮੁੱਖ ਕਾਰਨ ਹਨ।

(6) **ਕਾਬਵੈਬ ਥਿਊਰਮ ਕਰਕੇ ਉਤਾਰ-ਚੜ੍ਹਾਓ:** ਇਸ ਥਿਊਰਮ ਦੇ ਅਨੁਸਾਰ ਉਤਪਾਦਕ ਚਲੰਤ ਸਾਲ ਜਾਂ ਪਿਛਲੇ ਸਾਲਾਂ ਦੇ ਲਾਭਾਂ ਨੂੰ ਦੇਖਦੇ ਹੋਏ ਆਉਣ ਵਾਲੇ ਸਾਲ ਦੇ ਉਤਪਾਦਨ ਬਾਰੇ ਯੋਜਨਾਬੰਦੀ ਕਰਦੇ ਹਨ ਇਸ ਕਰਕੇ ਇਹ ਚੱਕਰ ਹੋਂਦ ਵਿੱਚ ਆਉਂਦੇ ਹਨ। ਉਦਾਹਰਣ ਦੇ ਤੌਰ ਤੇ ਜੇਕਰ ਪਹਿਲੇ ਸਾਲ ਮੁਰਗੀ ਪਾਲਣ ਵਿੱਚ ਮੰਗ ਵਧਣ ਕਰਕੇ ਫਾਇਦਾ ਹੋਇਆ ਹੋਵੇ (ਕੀਮਤਾਂ ਵਧਣ ਕਾਰਨ) ਤਾਂ ਦੂਜੇ ਸਾਲ ਲਈ ਲੋਕ ਹੋਰ ਉਤਪਾਦਨ ਕਰਨਗੇ ਪਰ ਇਸ ਸਮੇਂ ਤੱਕ ਮੰਗ ਮੰਡੀ ਮੁਤਾਬਕ ਬਦਲ ਚੁੱਕੀ ਹੈ ਕੀਮਤਾਂ ਘੱਟ ਜਾਣਗੀਆਂ ਤੀਜੇ ਸਾਲ ਲਈ ਉਤਪਾਦਕ ਪੂਰਤੀ ਘਟਾ ਦੇਣਗੇ ਤਾਂ ਕੀਮਤਾਂ ਵੱਧ ਜਾਣਗੀਆਂ




ਚਿੱਤਰ ਨੰ. 1 ਖੇਤੀ ਵਿੱਚ ਉਤਾਰ-ਚੜ੍ਹਾਓ ਦੀਆਂ ਵੱਖ-ਵੱਖ ਕਿਸਮਾਂ

ਚਿੱਤਰ ਵਿੱਚ ਤਿੰਨ ਤਰ੍ਹਾਂ ਦੇ ਉਤਾਰ-ਚੜ੍ਹਾਓ ਦੇਖੇ ਜਾਂ ਸਕਦੇ ਹਨ ਲੰਬੇ ਕਾਲ ਵਾਲੇ ਉਤਾਰ-ਚੜ੍ਹਾਓ , ਚਕਰੀ ਅਤੇ ਮੌਸਮੀ ਉਤਾਰ-ਚੜ੍ਹਾਓ। ਚਕਰੀ ਉਤਾਰ-ਚੜ੍ਹਾਓ ਵਿੱਚ ਇੱਕ ਚੱਕਰ ਲੰਬੇ ਨਾਲ ਵਾਲੇ ਉਤਾਰ-ਚੜ੍ਹਾਓ ਦੀ ਤੁਲਨਾ ਵਿੱਚ ਛੋਟਾ ਹੁੰਦਾ ਹੈ। ਮੌਸਮੀ ਉਤਾਰ-ਚੜ੍ਹਾਓ ਇੱਕ ਸਾਲ ਵਿੱਚ ਕਾਫ਼ੀ ਬਾਰ ਆ ਸਕਦਾ ਹੈ।

**ਸਵੈ ਅਭਿਆਸ ਪ੍ਰਸ਼ਨ**

**ਪ੍ਰ:3 ਖੇਤੀ ਵਿੱਚ ਅਸਥਿਰਤਾ ਦੇ ਕੀ ਕਾਰਨ ਹਨ?**

**ਪ੍ਰ:4 ਸਾਲਾਨਾ ਉਤਾਰ-ਚੜ੍ਹਾਓ ਤੇ ਨੋਟ ਲਿਖੋ।**

### 2.4.5 ਖੇਤੀ ਖੇਤਰ ਦੀ ਕੀਮਤਾਂ ਅਤੇ ਆਮਦਨ ਨੂੰ ਸਥਿਰ ਕਰਨ ਦੇ ਉਪਰਾਲੇ:

ਖੇਤੀ ਵਿੱਚ ਅਸਥਿਰਤਾ ਨੂੰ ਦੂਰ ਕਰਨ ਦੇ ਉਪਰਾਲਿਆਂ ਨੂੰ ਦੋ ਸ਼੍ਰੇਣੀਆਂ ਵਿੱਚ ਵੰਡਿਆਂ ਜਾ ਸਕਦਾ ਹੈ:

(1) ਰਾਜ ਪੱਧਰੀ ਉਪਰਾਲੇ

(2) ਖੇਤ ਪੱਧਰੀ ਉਪਰਾਲੇ

**2.4.5.1** ਰਾਜ ਪੱਧਰੀ ਉਪਰਾਲੇ: ਰਾਜ ਪੱਧਰੀ ਉਪਰਾਲਿਆਂ ਦੀ ਇੱਕ ਲੰਬੀ ਸੂਚੀ ਹੈ ਜਿਸ ਰਾਹੀਂ ਖੇਤੀ ਦੀ ਅਸਥਿਰਤਾ ਨੂੰ ਦੂਰ ਕੀਤਾ ਜਾ ਸਕਦਾ ਹੈ।

**(ੳ)** **ਬਫ਼ਰ ਸਟਾਕ ਸਕੀਮ (Buffer Stock Scheme) :** ਬਫਰ ਸਟਾਕ ਉਹ ਹੁੰਦੇ ਹਨ ਜਿਨ੍ਹਾਂ ਕਰਕੇ ਪੂਰਤੀ ਨੂੰ ਅਸਿੱਧੇ ਤੌਰ ਤੇ ਵਧਾਇਆ ਜਾ ਸਕਦਾ ਹੈ। ਸਰਕਾਰ ਨੇ ਇਹ ਸਟਾਕ ਰੱਖਿਆ ਹੁੰਦਾ ਹੈ ਕਿ ਜਦੋਂ ਮੰਡੀ ਵਿੱਚ ਮੰਗ ਦੇ ਅਨੁਰੂਪ ਪੂਰਤੀ ਘੱਟ ਹੋਵੇਗੀ ਉਦੋਂ ਇਸ ਸਟਾਕ ਵਿੱਚੋਂ ਉਤਪਾਦਨ ਲੈ ਲਿਆ ਜਾਵੇਗਾ। ਇਸ ਦੇ ਉਲਟ ਜੇਕਰ ਮੰਡੀ ਵਿੱਚ ਪੂਰਤੀ ਜ਼ਿਆਦਾ ਹੈ ਅਤੇ ਮੰਗ ਘੱਟ ਤਾਂ ਸਰਕਾਰ ਉਤਪਾਦਕਾਂ ਤੋ ਉਤਪਾਦਨ ਖਰੀਦ ਕੇ ਸਟਾਕ ਵਿੱਚ ਪਾ ਦੇਵੇਗੀ। ਇਸ ਸਟਾਕ ਦੀ ਜਾਂ ਇਸ ਉਪਰਾਲੇ ਦੀ ਇਕ ਖਾਮੀ ਹੈ ਕਿ ਇਹ ਸਿਰਫ਼ ਇੱਕ ਚੀਜ਼ ਦੀ ਕੀਮਤ ਨੂੰ ਕੰਟਰੋਲ ਕਰ ਸਕਦਾ ਹੈ ਜੇਕਰ ਜਰਨਲ ਕੀਮਤ ਸੂਚਕਾਂਕ ਬਦਲ ਗਿਆ ਹੋਵੇ ਤਾਂ ਇਸ ਵਿਧੀ ਨਾਲ ਕੁਝ ਨਹੀਂ ਕੀਤਾ ਜਾ ਸਕਦਾ।

**(ਅ)** **ਕੀਮਤ ਬੀਮਾ ਸਕੀਮਾਂ (Price Insurance Schemes) :** ਇਹ ਸਕੀਮ ਸਭ ਤੋਂ ਪਹਿਲਾਂ ਹਾਲੈਂਡ ਵਿੱਚ ਸਬਜ਼ੀਆਂ ਦੀਆਂ ਕੀਮਤਾਂ ਨੂੰ ਸਥਿਰ ਕਰਨ ਦੇ ਲਈ ਹੋਈ ਸੀ। ਇਸ ਸਕੀਮ ਦੇ ਤਹਿਤ ਸਬਜ਼ੀਆਂ ਦੀ ਘੱਟ ਤੋਂ ਘੱਟ ਕੀਮਤ ਸੈਟ ਕੀਤੀ ਜਾਂਦੀ ਹੈ। ਜੇਕਰ ਕਿਸੇ ਦਿਨ ਕੀਮਤ ਵਾਧੂ ਪੂਰਤੀ ਕਰਕੇ ਇਸ ਨਿਊਨਤਮ ਕੀਮਤ ਤੋਂ ਵੀ ਘੱਟ ਜਾਂਦੀ ਹੈ ਤਾਂ ਵਾਧੂ ਪੂਰਤੀ ਨੂੰ ਨਸ਼ਟ ਕਰ ਦਿੱਤਾ ਜਾਂਦਾ ਹੈ। ਉਤਪਾਦਕਾਂ ਨੂੰ ਤਾਂ ਨਿਊਨਤਮ ਕੀਮਤ ਦੇਣ ਵਾਸਤੇ ਜਿਹੜਾ ਉਤੁਪਾਦ ਵਿਕਦਾ ਹੈ ਉਸ ਉੱਤੇ ਥੋੜਾ ਜਿਹਾ ਟੈਕਸ (levy) ਲਾਇਆ ਜਾਂਦਾ ਹੈ, ਇਸ ਕਰਕੇ ਇਹ ਸਕੀਮ ਸਵੈ-ਵਿੱਤੀ (Self Financing) ਹੈ। ਕਈ ਵਾਰ ਇਹ ਵੀ ਦੇਖਿਆ ਜਾਂਦਾ ਹੈ ਕਿ ਇਹ ਲੈਵੀ ਉਤਪਾਦਨ ਦੀ ਲਾਗਤ ਵੀ ਪੂਰੀ ਨਹੀਂ ਕਰ ਸਕਦੀ ਤਾਂ ਵੀ ਇਹ ਉਤਪਾਦਕਾਂ ਨੂੰ ਖੇਤੀ ਵਿੱਚ ਨਿਵੇਸ਼ ਕਰਨ ਲਈ ਉਤਸ਼ਾਹਿਤ ਕਰਦੀ ਹੈ।

**(ੲ)** **ਡੈਫੀਸ਼ੈਸੀ ਪੇਮੈਂਟ ਸਕੀਮ (Deficiency Payment Scheme):** ਇਸ ਸਕੀਮ ਦੇ ਤਹਿਤ ਸਰਕਾਰ ਕਿਸਾਨਾਂ ਤੋਂ ਪ੍ਰਾਪਤ ਫਸਲ ਦੀ ਔਸਤ ਕੀਮਤ ਨਿਰਧਾਰਿਤ ਕਰਦੀ ਹੈ ਅਤੇ ਹਰ ਕਿਸਾਨ ਨੂੰ ਔਸਤ ਕੀਮਤ ਅਤੇ ਨਿਊਨਤਮ ਗਰੰਟੀ ਕੀਮਤ ਦੇ ਅੰਤਰ ਦੀ ਕੀਮਤ ਦਿੰਦੀ ਹੈ ਜੇਕਰ ਔਸਤ ਨਿਊਨਤਮ ਤੋਂ ਘੱਟ ਹੋਵੇ। ਇਹ ਕਿਸਾਨਾਂ ਦੇ ਹਿੱਤ ਲਈ ਹੈ। ਖਪਤਕਾਰ ਨੂੰ ਤਾਂ ਉੰਨੀ ਹੀ ਕੀਮਤ ਦੇਣੀ ਪੈਂਦੀ ਹੈ ਜੋ ਮੰਡੀ ਵਿੱਚ ਚੱਲ ਰਹੀ ਹੋਵੇ।

**(ਸ)** **ਫਾਰਵਰਡ ਕੀਮਤਾਂ (Forward Prices):** ਇਸ ਸਕੀਮ ਤਹਿਤ ਕਿਸਾਨ ਨੂੰ ਸ਼ੁਰੂ ਵਿੱਚ ਹੀ ਫਸਲ ਦੀ ਕੀਮਤ ਦੱਸ ਦਿੱਤੀ ਜਾਂਦੀ ਹੈ ਜੇਕਰ ਉਹ ਸਰਕਾਰ ਨੂੰ ਵੇਚਣਗੇ। ਦੂਜੇ ਸ਼ਬਦਾਂ ਵਿੱਚ ਇਹ ਕਿਸਾਨ ਨੂੰ ਮਿਲਣ ਵਾਲੀ ਨਿਊਨਤਮ ਕੀਮਤ ਹੁੰਦੀ ਹੈ। ਜੇਕਰ ਮੰਡੀ ਦੀਆਂ ਕੀਮਤਾਂ, ਫਾਰਵਰਡ ਕੀਮਤਾਂ ਨਾਲੋਂ ਜ਼ਿਆਦਾ ਹੋਣ ਤਾਂ ਕਿਸਾਨ ਨੂੰ ਲਾਭ ਮਿਲਦਾ ਹੈ।

**(ਹ)** **ਫਸਲ ਬੀਮਾ ਸਕੀਮ (Crop Insurance Scheme) :** ਇਹ ਸਕੀਮ ਕਿਸਾਨ ਦੀ ਆਮਦਨ ਨੂੰ ਸਥਿਰ ਕਰਨ ਲਈ ਹੁੰਦੀ ਹੈ। ਇਹ ਥੋੜੇ ਪ੍ਰੀਮੀਅਮ ਦੇ ਉੱਤੇ ਹੁੰਦੀ ਹੈ। ਜੇਕਰ ਫਸਲ ਖਰਾਬ ਹੋ ਜਾਵੇ ਤਾਂ ਵੀ ਸਰਕਾਰ ਪਹਿਲਾਂ ਤੋਂ ਨਿਰਧਾਰਿਤ ਕੀਮਤ ਉੱਤੇ ਫਸਲ ਖਰੀਦ ਲੈਂਦੀ ਹੈ।

**(ਕ)** **ਸਿੱਧੀ ਆਮਦਨ ਟਰਾਂਸਫਰ ਸਕੀਮ (Direct Income Transfer Scheme) :** ਕੁਝ ਅਰਥ ਸ਼ਾਸਤਰੀ ਸ਼ੂਲਜ ਅਤੇ ਸਵਰਲਿੰਗ ਮੰਨਦੇ ਹਨ ਕਿ ਆਮਦਨ ਵਿੱਚ ਸਥਿਰਤਾ ਲਿਆਉਣ ਲਈ ਕੀਮਤ ਉੱਤੇ ਪ੍ਰਭਾਵ ਪਾਉਣ ਵਾਲੀ ਕਾਰਵਾਈ ਕਰਨ ਨਾਲ ਕੁਝ ਚੰਗੇ ਨਤੀਜੇ ਨਹੀਂ ਨਿਕਲਦੇ। ਕੀਮਤ ਮਕੈਨਿਜ਼ਮ ਦੇ ਮੁੱਖ ਕੰਮ ਸਾਧਨਾਂ ਦਾ ਕੁਸ਼ਲ ਪ੍ਰਯੋਗ ਅਤੇ ਉਤਪਾਦਨ ਦੇ ਸਾਧਨਾਂ ਨੂੰ ਆਮਦਨ ਦੀ ਵੰਡ ਕਰਨਾ ਹੁੰਦਾ ਹੈ। ਆਮਦਨ ਨੂੰ ਕੀਮਤ ਮਕੈਨੀਜ਼ਮ ਨਾਲ ਸਥਿਰ ਕਰਨ ਦੀ ਕੋਸ਼ਿਸ਼ ਕਰਨੀ ਇਸ ਤੇ ਬੋਝ ਪਾਉਣ ਸਮਾਨ ਹੈ। ਅਤੇ ਇਹ ਆਮਦਨ ਸਥਿਰ ਕਰਨ ਲਈ ਨਹੀਂ ਹੈ।

(ਖ) **ਆਮ ਉਤਾਰ-ਚੜ੍ਹਾਓ ਨੂੰ ਕਾਬੂ ਕਰਨਾ (To Control general ups and downs) :** ਵਿਕਸਿਤ ਦੇਸ਼ਾਂ ਵਿੱਚ ਖੇਤੀ ਵਿੱਚ ਅਸਥਿਰਤਾ ਜ਼ਿਆਦਾਤਰ ਵਪਾਰ ਚੱਕਰ ਕਰਕੇ ਆਉਂਦੀ ਹੈ ਜਿਹੜਾ ਕਿ ਉਦਯੋਗਿਕ ਖੇਤਰ ਵਿੱਚ ਸ਼ੁਰੂ ਹੁੰਦਾ ਹੈ। ਮੌਦਰਿਕ ਅਤੇ ਫਿਸਕਲ ਢੰਗਾਂ ਨਾਲ ਇਨ੍ਹਾਂ ਉਤਾਰ-ਚੜ੍ਹਾਓ ਨੂੰ ਕਾਬੂ ਕਰਨ ਦੀ ਕੋਸ਼ਿਸ਼ ਵਿੱਚ ਖੇਤੀ ਪਦਾਰਥਾਂ ਦੀ ਮੰਗ ਵਿੱਚ ਆਈ ਤਬਦੀਲੀਆਂ ਘੱਟ ਜਾਣਗੀਆਂ। ਇਸ ਤੋਂ ਬਾਦ ਕੀਮਤਾਂ ਅਤੇ ਆਮਦਨ ਵਿੱਚ ਸਥਿਰਤਾ ਲਿਆਈ ਜਾ ਸਕੇਗੀ।

(ਗ) **ਹੋਰ ਉਪਰਾਲੇ:** ਰਾਸ਼ਟਰੀ ਪੱਧਰ ਉੱਤੇ, ਕੀਮਤਾਂ ਅਤੇ ਆਮਦਨ ਵਿੱਚ ਸਥਿਰਤਾ ਲਿਆਉਣ ਲਈ ਖੇਤੀ ਉਤਪਾਦਨ ਅਤੇ ਖੇਤੀ ਪਦਾਰਥਾਂ ਦੇ ਆਯਾਤ ਨਿਰਯਾਤ ਤੇ ਵੀ ਕਾਬੂ ਕਰਨਾ ਪਵੇਗਾ। ਕਿਸਾਨਾਂ ਨੂੰ ਸਿੰਚਾਈ ਸੁਵਿਧਾਵਾਂ ਦੇਣੀਆਂ ਚਾਹੀਦੀਆਂ ਹਨ, ਦਰਖ਼ਤ ਲਗਾਉਣੇ ਚਾਹੀਦੇ ਹਨ। ਮਿੱਟੀ ਵਿੱਚ ਪਾਣੀ ਨੂੰ ਰੋਕਣਾ ਚਾਹੀਦਾ ਹੈ ਆਦਿ।

**2.4.5.2 ਖੇਤ ਪੱਧਰ ਉਪਰਾਲੇ:** ਜਿਨ੍ਹਾਂ ਉਪਰਾਲਿਆਂ ਦੀ ਗੱਲ ਅਸੀਂ ਉੱਪਰ ਕਰ ਚੁੱਕੇ ਹਾਂ ਉਹ ਤਾਂ ਰਾਸ਼ਟਰੀ ਜਾਂ ਸਮਾਜਿਕ ਪੱਧਰ ਦੇ ਸਨ ਪਰ ਕਿਸਾਨ ਆਪ ਵੀ ਕੁਝ ਢੰਗ ਆਪਣਾ ਕੇ ਉਤਪਾਦਨ ਵਿੱਚ ਸਥਿਰਤਾ ਲਿਆ ਕੇ ਖੇਤੀ ਪਦਾਰਥਾਂ ਦੀਆਂ ਕੀਮਤਾਂ ਵਿੱਚ ਆਏ ਬਦਲਾਅ ਨੂੰ ਘਟਾ ਸਕਦਾ ਹੈ। ਕੁਝ ਇਹੋ ਜਿਹੇ ਉਪਰਾਲੇ ਹੇਠ ਲਿਖੇ ਹਨ:

(1) ਸੋਕੇ ਅਤੇ ਬੀਮਾਰੀਆਂ ਨਾਂ ਲੱਗਣ ਵਾਲੀ ਫਸਲਾਂ ਉਗਾ ਕੇ ਸੁੱਕੀ ਖੇਤੀ ਦੀ ਤਕਨੀਕ ਆਪਣਾ ਕੇ ਸਿੰਚਾਈ ਸੁਵਿਧਾਵਾਂ ਦਾ ਇਸਤੇਮਾਲ ਕਰਕੇ, ਕੀੜੇ ਮਾਰ ਦਵਾਈਆਂ ਦਾ ਇਸਤੇਮਾਲ ਕਰਕੇ ਉਹ ਉਤਪਾਦਨ ਵਿੱਚ ਸਥਿਰਤਾ ਲਿਆ ਸਕਦੇ ਹਨ।

(2) ਜਦੋਂ ਮੀਂਹ ਪਿਆ ਹੁੰਦਾ ਹੈ ਉਦੋਂ ਬਲਦਾਂ ਦੀ ਮਦਦ ਨਾਲ ਬੀਜਣਾ ਔਖਾ ਹੁੰਦਾ ਹੈ ਉਦੋਂ ਖੇਤ ਨੂੰ ਇੱਕੋ ਜਿਹਾ ਪੱਧਰ ਦੇਣ ਲਈ ਮਸ਼ੀਨਰੀ (ਟਰੈਕਟਰ) ਦਾ ਪ੍ਰਯੋਗ ਕਰ ਸਕਦੇ ਹਨ।

(3) ਫਸਲ ਉਗਾਉਣ ਵਿੱਚ ਵਿਭਿੰਨਤਾ ਲਿਆਉਣ ਨਾਲ ਵੀ ਆਮਦਨ ਵਿੱਚ ਅਸਥਿਰਤਾ ਨੂੰ ਘਟਾਇਆ ਜਾ ਸਕਦਾ ਹੈ। ਜਦੋਂ ਕਿਸਾਨ ਬਹੁਤ ਸਾਰੀਆਂ ਫਸਲਾਂ ਲਗਾਏਗਾ ਤਾਂ ਜੇਕਰ ਇੱਕ ਫਸਲ ਖਰਾਬ ਹੋਵੇਗੀ ਤਾਂ ਉਸਦੀ ਕੁਲ ਆਮਦਨ ਦੇ ਇੱਕ ਹਿੱਸੇ ਉੱਤੇ ਅਸਰ ਪਵੇਗਾ।

(4) ਲਾਗਤ ਅਤੇ ਉਤਪਾਦਨ ਵਿੱਚ ਲਚਕੀਲਾਪਣ ਲਿਆ ਕੇ ਵੀ ਆਮਦਨ ਵਿੱਚ ਅਸਥਿਰਤਾ ਨੂੰ ਘਟਾਇਆ ਜਾ ਸਕਦਾ ਹੈ।

**ਸਵੈ ਅਭਿਆਸ ਪ੍ਰਸ਼ਨ**

**ਪ੍ਰ:5 ਬਫਰ ਸਟਾਕ ਪ੍ਰਣਾਲੀ ਦੀਆਂ ਕੀ ਖਾਮੀਆਂ ਹਨ?**

**ਪ੍ਰ:6 ਖੇਤ ਪੱਧਰ ਉਪਰਾਲਿਆਂ ਦਾ ਵਰਨਣ ਕਰੋ।**

**2.4.15 ਸਾਰਾਂਸ਼:** ਇਸ ਪਾਠ ਵਿੱਚ ਅਸੀਂ ਖੇਤੀ ਵਿੱਚ ਅਸਥਿਰਤਾ ਲਈ ਜ਼ਿੰਮੇਵਾਰ ਕਾਰਕਾਂ ਬਾਰੇ ਦੇਖਿਆ ਅਸਥਿਰਤਾ ਦੀਆਂ ਕੀ ਕਿਸਮਾਂ ਹਨ ਅਤੇ ਉਨ੍ਹਾਂ ਨੂੰ ਕਿਵੇਂ ਕਾਬੂ ਕੀਤਾ ਜਾ ਸਕਦਾ ਹੈ। ਉਸ ਬਾਰੇ ਵੀ ਜਾਣਕਾਰੀ ਹਾਸਲ ਕੀਤੀ। ਜੇਕਰ ਉੱਪਰ ਦੱਸੇ ਉਪਰਾਲਿਆਂ ਦਾ ਠੀਕ ਢੰਗ ਨਾਲ ਇਸਤੇਮਾਲ ਕੀਤਾ ਜਾਵੇ ਤਾਂ ਖੇਤੀ ਨੂੰ ਸਥਿਰ ਹਾਲਾਤ ਮਿਲ ਸਕਣਗੇ ਅਤੇ ਖੇਤੀ ਵਿੱਚ ਆਉਂਦੇ ਉਤਾਰ-ਚੜ੍ਹਾਓ ਘੱਟ ਹੋ ਜਾਣਗੇ ਤੇ ਕੀਮਤਾਂ ਅਤੇ ਆਮਦਨ ਨੂੰ ਸਥਿਰ ਕੀਤਾ ਜਾ ਸਕੇਗਾ।

**2.4.7 ਸ਼ਬਦਾਵਲੀ:**

- **ਉਤਾਰ-ਚੜ੍ਹਾਓ:** ਜਦੋਂ ਕੋਈ ਚੀਜ਼ ਬਦਲਦੀ ਹੀ ਰਹੇ ਭਾਵ ਘਟਦੀ ਵਧਦੀ ਰਹੇ।
- **ਵਪਾਰ ਚੱਕਰ:** ਅਰਥ ਵਿਗਿਆਨ ਵਿੱਚ ਵਪਾਰ ਦੇ ਖੇਤਰ ਵਿੱਚ ਜਿਹੜਾ ਚੱਕਰ ਆਉਂਦਾ ਹੈ, ਜਿਸਦੇ ਚਾਰ ਹਿੱਸੇ ਹੁੰਦੇ ਹਨ ਬੂਮ, ਰਿਸੈਸ਼ਨ, ਮੰਦੀ ਅਤੇ ਸੁਧਾਰ

**2.4.8 ਛੋਟੇ ਉੱਤਰਾਂ ਵਾਲੇ ਪ੍ਰਸ਼ਨ**

(1) ਮੌਸਮੀ ਉਤਾਰ-ਚੜ੍ਹਾਅ ਕੀ ਹਨ?

(2) ਲੰਬੇ ਕਾਲ ਦੀਆਂ ਮੂਵਮੈਂਟਸ ਤੇ ਨੋਟ ਲਿਖੋ।

(3) ਅਸਥਿਰਤਾ ਦੀਆਂ ਕਿਹੜੀਆਂ ਕਿਸਮਾਂ ਹਨ?

(4) ਅਸਥਿਰਤਾ ਦੇ ਦੋ ਕਾਰਨਾਂ ਬਾਰੇ ਲਿਖੋ।

**2.4.9 ਲੰਬੇ ਉੱਤਰਾਂ ਵਾਲੇ ਪ੍ਰਸ਼ਨ**

(1) ਖੇਤੀ ਵਿੱਚ ਅਸਥਿਰਤਾ ਦੇ ਕੀ ਕਾਰਨ ਹਨ?

(2) ਉਹ ਕਿਹੜੇ ਉਪਰਾਲੇ ਹਨ ਜਿਨ੍ਹਾਂ ਨਾਲ ਖੇਤੀ ਵਿੱਚ ਆਈ ਅਸਥਿਰਤਾ ਨੂੰ ਰੋਕਿਆ ਜਾ ਸਕਦਾ ਹੈ?

**2.4.10 ਪੜ੍ਹਨ ਯੋਗ ਪੁਸਤਕਾਂ**

| | | |
|---|---|---|
| Leading Issues in Agricultural Economics | : | R. N. Soni |
| Agricultural Economics | : | R. K. Lekhi & Joginder Singh |
| Indian Economics | : | Ruddar Datt & Sundaram |